# ਵਰਿਆਮ

ਜੁਲਾਈ 1977

1/-



ਡਰਾਂ, ਫਿਕਰਾਂ ਤੋਂ ਪਰੇ, ਹੈ ਜ਼ਿੰਦਗੀ ਦੀ ਸ਼ਾਨ,
ਚੱਲਣਾ ਨਿਰੰਤਰ ਹੀ, ਹੈ ਇਸਦੇ ਇਸ਼ਕ ਦਾ ਜਨੂਨ ।

Namdhari Elibrary NamdhariElibrary@gmail.com

Phone : 567786

# BAKSHISH SWEETS BHANDAR

ਵਧੀਆ ਸਵਾਦੀ ਮਠਿਆਈਆਂ

## BAKERS & CONFECTIONERS

SATGURU PARTAP SINGH MARKET

10166 GURDWARA ROAD

KAROL BAGH — NEW DELHI

110005

ਵਰਿਆਮ ਜੁਲਾਈ 1977

Namdhari Elibrary NamdhariElibrary@gmail.com

ਮਾਸਕ ਵਰਿਆਮ ਜੁਲਾਈ 1977

ਜਿਲਦ ਨੰ: 2 ਅੰਕ ਨੰ: 9

ਪ੍ਰਕਾਸ਼ਨ ਮਿਤੀ 16-7-77

ਮੁਖ ਸੰਪਾਦਕ : ਜਗਦੀਸ਼ ਸਿੰਘ

ਆਰਟਿਸਟ : ਪ੍ਰਕਾਸ਼

ਮੁੱਲ ਪ੍ਰਤੀ ਕਾਪੀ : 1 ਰੁਪਿਆ

ਸਾਲਾਨਾ ਚੰਦਾ ਦੇਸ : 12 ਰੁਪਏ

,, ,, ਵਿਦੇਸ਼: 30 ਰੁਪਏ (ਸਮੁੰਦਰੀ ਡਾਕ ਰਾਹੀਂ)

ਲਾਈਫ ਮੈਂਬਰਸ਼ਿਪ : 200 ਰੁਪਏ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲੱਧੇਵਾਲੀ ਰੋਡ
ਜਲੰਧਰ—144001.
ਫੋਨ : 2504 ਪੀ. ਪੀ.

Office Address :
WARIAM
(Punjabi Monthly)
Ladowali Road
Jullundur-144001
Phone : 2504 P.P.

ਪੰਨਾ

| | | |
|---|---|---|
| ਸੰਪਾਦਕੀ | | 2 |
| ਗ਼ਜ਼ਲ | ਕੁਲਵੰਤ ਜਗਰਾਓਂ | 3 |
| ਗ਼ਜ਼ਲ | ਕੰਵਰ ਸੁਖਦੇਵ | 3 |
| ਗ਼ਜ਼ਲ | ਤਰਸੇਮ ਜੰਡਿਆਲਵੀ | 4 |
| ਗ਼ਜ਼ਲ | ਸਰਵਨ ਰਾਹੀ | 4 |
| ਗ਼ਜ਼ਲ | ਪ੍ਰਦੇਸੀ ਮੋਗਵੀ | 4 |
| ਇਹ ਛਿਣ-ਇਹ ਪਲ (ਕਵਿਤਾ) | ਤਰਲੋਕ ਮਨਸੂਰ | 5 |
| ਅਸੰਗਤੀ (ਕਵਿਤਾ) | ਡਾ: ਨਰੇਸ਼ | 5 |
| ਗ਼ਜ਼ਲ | ਸੁਖਜਿੰਦਰ ਦੁਖੀਆ | 6 |
| ਗ਼ਜ਼ਲ | ਗੁਰਭਜਨ ਸਿੰਘ | 6 |
| ਇਕ ਮਿਲਨੀ (ਕਵਿਤਾ) | ਸਾਹਿਬ ਸਿੰਘ ਸੁੱਖ | 6 |
| ਤਿੰਨ ਇਤਿਹਾਸਕ ਦਿਨ | ਪ੍ਰੀਤਮ ਸਿੰਘ ਪੰਛੀ | 7 |
| ਨਵਾਂ ਮੋੜ (ਕਹਾਣੀ) | ਬੂਟਾ ਸਿੰਘ | 9 |
| ਇਕ ਕਮੀਜ਼, ਇਕ ਝੂਠ (ਕਹਾਣੀ) | ਪ੍ਰੀਤਮ ਬੇਲੀ | 16 |
| ਕੁ-ਆਦਤਾਂ | ਪ੍ਰੀਤਮ ਸਿੰਘ ਕਵੀ | 20 |
| ਛਲੀਏ (ਕਹਾਣੀ) | ਤਰਲੋਕ ਮਨਸੂਰ | 23 |
| ਗੁਰਬਾਣੀ ਦੇ ਚਾਨਣ ਵਿਚ | ਕੁਲਦੀਪ ਸਿਘ ਹਉਰਾ | 25 |
| ਸੁਮੇਰ ਨਾਲ ਮੁਲਾਕਾਤ | ਤੁਲੀ | 28 |
| ਪੁਸਤਕ ਚਰਚਾ | | 32 |
| ਸਾਹਿਤ ਸਮਾਚਾਰ | | 33 |
| ਸਾਡੇ ਸਨੇਹੀ | | 34 |
| ਨਾਮਧਾਰੀ ਵਿਦਿਅਕ ਸੰਮੇਲਨ | | 38 |
| ਪੁਸਤਕ ਰਿਵਿਊ | | 40 |

**ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ**

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ 3/1-77-ਐਡੀਟਰਜ਼, ਮਿਤੀ 2-3-77 ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ



Namdhari Elibrary NamdhariElibrary@gmail.com

ਸੰਪਾਦਕੀ

# ਜਲੰਧਰ ਵਿਚ ਰੰਗ ਮੰਚ ਦੀ ਸਥਾਪਨਾ

ਬੜੀ ਚੰਗੀ ਗੱਲ ਹੈ ਕਿ ਪੰਜਾਬੀ ਲੇਖਕ ਸਭਾ ਜਲੰਧਰ ਦੀ ਪਹਿਲ ਕਦਮੀਂ ਤੇ ਜਲੰਧਰ ਵਿਚ 'ਰੰਗ ਮੰਚ ਜਲੰਧਰ' ਨਾਮੀ ਸੰਸਥਾ ਦੀ ਕਾਇਮੀ ਹੋ ਰਹੀ ਹੈ ਜਿਸ਼ ਰਾਹੀਂ ਇਸ ਖੇਤਰ ਵਿਚ ਨਾਟਕ ਨਾਲ ਸਬੰਧਤ ਕਲਾਵਾਂ ਦੇ ਵਿਕਸਤ ਹੋਣ ਦੀਆਂ ਸੰਭਾਵਨਾਵਾਂ ਵਧੀਆਂ ਹਨ।

ਹੋਰ ਵੀ ਚੰਗੀ ਗੱਲ ਹੈ ਕਿ ਭਾਰਤ ਸਰਕਾਰ ਦੇ ਗੀਤ ਨਾਟ ਵਿਭਾਗ ਦੇ ਸਾਬਕਾ ਨਿਰਦੇਸ਼ਕ ਅਤੇ 'ਜਗ ਚਾਨਣ ਹੋਆ' ਤੇ 'ਬਜ਼੍ਹਤੇ ਕਦਮ' ਜਿਹੇ ਧੁਨੀ ਪ੍ਰਕਾਸ਼ ਰਾਹੀਂ ਖੇਲੇ ਗਏ ਮਸ਼ਹੂਰ ਡਰਾਮਿਆਂ ਦੇ ਖਾਲਕ ਕਰਨਲ ਗੁਪਤੇ ਨੇ ਇਸ ਕੰਮ ਦੀ ਅਗਵਾਈ ਕਰਨੀ ਮੰਨੀ ਹੈ ਅਤੇ ਮੰਚ ਵਲੋਂ ਖੇਡੇ ਜਾ ਰਹੇ ਪਹਿਲੇ ਡਰਾਮੇ 'ਕਲ ਅੱਜ ਤੇ ਭਲਕ' (ਡਾ: ਹਰਚਰਨ ਸਿੰਘ) ਦੇ ਨਿਰਦੇਸ਼ਨ ਦੀ ਜ਼ੁਮੇਵਾਰੀ ਵੀ ਸੰਭਾਲੀ ਹੈ। ਇਸ ਮੰਤਵ ਲਈ ਸ੍ਰੀਮਤੀ ਅਚਿੰਤ ਬਾਵਾ ਨੇ ਡੂੰਘੀ ਦਿਲਚਸਪੀ ਲੈ ਕੇ ਸਾਰੇ ਕਾਰਜ ਦੀ ਸਫਲਤਾ ਲਈ ਰਾਹ ਪਧਰਾਇਆ ਹੈ।

ਸਾਡੇ ਸਭਿਆਚਾਰ ਵਿਚ ਨਾਟਕ ਦੀ ਵਿਸ਼ੇਸ਼ ਮਹੱਤਤਾ ਹੈ। ਭਰਤ ਮੁਨੀ ਅਨੁਸਾਰ ਨਾਟਕ ਪਰੇਮ ਕਰਨ ਵਾਲਿਆਂ ਨੂੰ ਪਰੇਮ, ਵਿਗੜਿਆਂ ਤਿਗੜਿਆਂ ਨੂੰ ਝਿੜਕਾਂ, ਸਾਧਨਾ ਦੇ ਧਨੀਆਂ ਨੂੰ ਸੰਜਮ, ਡਰਾਕਲਾਂ ਨੂੰ ਹੌਸਲਾ, ਬਹਾਦਰਾਂ ਨੂੰ ਸ਼ਕਤੀ, ਮੂੜ੍ਹਾਂ ਨੂੰ ਮਤ, ਬਾਦਸ਼ਾਹਾਂ ਨੂੰ ਦਿਲ ਪਰਚਾਵਾ, ਮਾਇਆ ਦੇ ਇਛਕਾਂ ਨੂੰ ਸੰਪਤੀ ਪ੍ਰਦਾਨ ਕਰਨ ਦੀਆਂ ਯੁਕਤੀਆਂ ਤੇ ਦੁਖੀ ਦਿਲਾਂ ਨੂੰ ਸ਼ਾਂਤੀ ਦੇਂਦਾ ਹੈ।"

ਜਲੰਧਰ ਪੰਜਾਬ ਦਾ ਦਿਲ ਹੈ। ਭਾਰੀ ਗਿਣਤੀ ਵਿਚ ਪੰਜਾਬੀ ਹਿੰਦੀ ਅਤੇ ਉਰਦੂ ਦੇ ਦੈਨਿਕ ਸਪਤਾਹਿਕ ਤੇ ਮਾਸਕ ਪਤਰ, ਰੇਡੀਓ ਤੇ ਟੀ. ਵੀ. ਕੇਂਦਰ, ਅਨੇਕਾਂ ਸਕੂਲ ਕਾਲਜ ਅਤੇ ਸਾਲਾਨਾ ਹਰਿਵਲਭ ਦਾ ਮੇਲਾ ਇਸ ਨੂੰ ਦੇਸ਼ ਦੇ ਸਭਿਆਚਾਰਕ ਨਕਸ਼ੇ ਤੇ ਉਭਾਰ ਕੇ ਲਿਆਉਂਦੇ ਹਨ।

ਪਰ ਨਾਟਕ ਦੀ ਅਣਹੋਂਦ ਇਸ ਸਾਰੀ ਕੀਰਤੀ ਨੂੰ ਘਟਾਉਂਦੀ ਸੀ ਤੇ ਕਲਾ ਪਰੇਮੀਆਂ ਨੂੰ ਬੁਰੀ ਤਰ੍ਹਾਂ ਖਟਕ ਰਹੀ ਸੀ। ਨਵੀਂ ਸੰਸਥਾ ਦੀ ਸਥਾਪਨਾ ਨਾਲ ਇਸ ਖੱਪੇ ਦੇ ਪੂਰੇ ਹੋਣ ਦੀ ਆਸ ਬੱਝੀ ਹੈ।

ਅਸੀਂ 'ਰੰਗ ਮੰਚ ਜਲੰਧਰ' ਦੀ ਸਫਲਤਾ ਦੀ ਕਾਮਨਾ ਕਰਦੇ ਹੋਏ ਪੂਰਨ ਸਹਿਯੋਗ ਦਾ ਭਰੋਸਾ ਦਵਾਉਂਦੇ ਹਾਂ।

—ਜਗਦੀਸ਼ ਸਿੰਘ



Namdhari Elibrary NamdhariElibrary@gmail.com

## ਗ਼ਜ਼ਲ

—ਕੁਲਵੰਤ ਜਗਰਾਓਂ

ਜਿਸ ਤੋਂ ਮਿਲੇ ਨੇ ਹੌਕੇ, ਜਿਸ ਤੋਂ ਹੈ ਦਰਦ ਪਾਇਆ।
ਹਰ ਵਕਤ ਓਸ ਦਾ ਹੀ ਮੈਨੂੰ ਖਿਆਲ ਆਇਆ।
ਪਤਝੜ ਚਲੀ ਗਈ ਹੈ, ਬਾਹਾਰ ਆ ਗਈ ਹੈ,
ਆ ਕੇ ਜਦੋਂ ਵੀ ਮੇਰੇ ਉਹ ਪਾਸ ਮੁਸਕ੍ਰਾਇਆ।
ਮਿਟਦੀ ਨਹੀਂ ਹੈ ਭਟਕਣ ਇਕ ਪਲ ਨਾ ਚੈਨ ਆਵੇ,
ਇਹ ਕਿਸ ਤਰ੍ਹਾਂ ਦਾ ਉਸ ਨੇ ਦਿਲ ਨੂੰ ਹੈ ਰੋਗ ਲਾਇਆ।
ਵਟਣਾ ਜੁ ਮਲ ਲਿਆ ਉਸ, ਮਹਿੰਦੀ ਜੁ ਲਾ ਲਈ ਉਸ
ਉਹ ਬਣ ਗਿਆ ਬਿਗਾਨਾ ਮੈਂ ਹੋ ਗਿਆ ਪਰਾਇਆ।
ਪੁੰਨਿਆਂ ਦੇ ਚੰਨ ਗੋਰਾ ਤਕਿਆ ਮੈਂ ਜਾ ਰਿਹਾ ਸੀ,
ਸ਼ਗਨਾਂ ਦਾ ਕੁਝ ਕੁ ਘੁੰਗਟ ਉਸ ਨੇ ਜਦੋਂ ਹਟਾਇਆ।
ਮਿਲ ਵੀ ਗਏ ਜੇ ਕਿਧਰੇ ਤਾਂ ਦੂਰ ਹੀ ਰਹੇ ਹਾਂ,
ਮਜਬੂਰੀਆਂ ਦਾ ਮਿਟਿਆ ਸਾਡੇ ਸਿਰੋਂ ਨਾ ਸਾਇਆ।
ਮੇਰੇ ਮਰਨ ਤੋਂ ਪਿਛੋਂ ਇਤਬਾਰ ਉਸ ਨੂੰ ਆਉਣੈ
ਆਪਣੀ ਤਲੀ ਤੇ ਜਿਸ ਲਈ ਮੈਂ ਸੀਸ ਹੈ ਟਿਕਾਇਆ।
ਬੇਦਰਦੀਆ ਤੂੰ ਆਪਣੇ ਹੰਝੂ ਕਿਉਂ ਕੇਰਦਾ ਹੈਂ?
ਇਕੋ ਜ਼ਖਮ ਹੀ ਆਪਣੇ ਦਿਲ ਦਾ ਹੈ ਮੈਂ ਦਿਖਾਇਆ।
ਕੋਈ ਗੀਤ ਬਣ ਗਿਆ ਹੈ, ਕੋਈ ਗ਼ਜ਼ਲ ਬਣ ਗਿਆ ਹੈ
'ਕੁਲਵੰਤ' ਨੇ ਹੈ ਰੋ ਕੇ ਜਿਹੜਾ ਵੀ ਗ਼ਮ ਸੁਣਾਇਆ।

702/11 ਫੀਲਡ ਗੰਜ ਲੁਧਿਆਣਾ

——

## ਗ਼ਜ਼ਲ

—ਕੰਵਰ ਸੁਖਦੇਵ

ਹੁਣ ਜਦੋਂ ਵੀ ਤੇਰਾ ਚੇਤਾ ਆਏਗਾ
ਮੇਰੇ ਦੰਦਾਂ ਹੇਠ ਰੇਤਾ ਆਏਗਾ

ਮੈਂ ਸਾਂ ਕਸ਼ਤੀ ਮਾਂ ਦੀ ਗੋਦੀ ਝੀਲ ਸੀ
ਬਸ ਹੁਣ ਅਗੇ ਬਰੇਤਾ ਆਏਗਾ

ਤੇਰੇ ਖਤ ਦੀ ਬੜੀ ਚਰਚਾ ਸੁਣੀ ਹੈ
ਪਤਾ ਨਹੀਂ ਇਹ ਕਦ ਚਹੇਤਾ ਆਏਗਾ

ਪੀਲੇ ਪੱਤੇ ਬਣਨਗੇ ਫੁੱਲਪਤੀਆਂ
ਬਸ ਜ਼ਰਾ ਮੌਸਮ ਪਛੇਤਾ ਆਏਗਾ

ਸਿਖਰ ਦਿਨ ਜੋ ਮੇਰੇ ਘਰ ਸੀ ਉਤਰਿਆ
ਹੁਣ ਕਦੋਂ ਉਹ ਚੰਨ ਅਗੇਤਾ ਆਏਗਾ

ਕਿੰਨਾ ਸੋਹਣਾ ਪਤੀ ਬੱਚੇ ਹੋਣਗੇ
ਫਿਰ ਵੀ ਤੈਨੂੰ ਮੇਰਾ ਚੇਤਾ ਆਏਗਾ

ਹੁਣ ਜਦੋਂ ਵੀ ਤੇਰਾ ਚੇਤਾ ਆਏਗਾ
ਮੇਰੇ ਦੰਦਾਂ ਹੇਠ ਰੇਤਾ ਆਏਗਾ।

——



Namdhari Elibrary NamdhariElibrary@gmail.com

## ਗ਼ਜ਼ਲ

ਤਰਸੇਮ 'ਜੰਡਿਆਲਵੀ'

ਖ਼ੰਦਸ਼ਾਂ ਐਸੀ ਸਤਾਈ ਦੋਸਤੀ।
ਵਲਗਣਾਂ ਨੂੰ ਤੋੜ ਆਈ ਦੋਸਤੀ।
ਰੋਕ ਲਈ ਜੋ ਧੂੜ ਲੱਦੇ ਰਸਤਿਆਂ;
ਕੇਸਰੀ ਕਿਰਨਾਂ ਨੁਹਾਈ ਦੋਸਤੀ।
ਰਾਹ ਤੇ ਪਗਡੰਡੀਆਂ ਵਿਚ ਸੁੰਝ ਹੈ;
ਪੈੜ ਤੇਰੀ ਨੇ ਭੁਲਾਈ ਦੋਸਤੀ।
ਕੌਣ ਜ਼ਿੰਮੇਵਾਰ ਹੈ ਅਪਮਾਨ ਦਾ;
ਜੇ ਸਭਾ ਵਿਚ ਥਰਥਰਾਈ ਦੋਸਤੀ।
ਕਿਰਤੀਆਂ ਨੇ ਕਿਰਤ ਆਪਣੀ ਸਾਂਭ ਲਈ;
ਨਹੀਂ ਤਾਂ ਕਰ ਦਿੰਦੀ ਸਫ਼ਾਈ ਦੋਸਤੀ।
ਠੀਕ ਰਾਹ ਹੁੰਦਾ ਤਾਂ ਕਹਿੰਦਾ ਫਿਰ ਕਿਉਂ;
'ਰਾਹ ਬਗ਼ਾਵਤ ਦੇ ਤੇ ਆਈ ਦੋਸਤੀ।'

ਨਵੀਂ ਅਬਾਦੀ, ਜੰਡਿਆਲਾ-141303
ਜ਼ਿਲ੍ਹਾ ਜਲੰਧਰ (ਪੰਜਾਬ)

---

## ਗ਼ਜ਼ਲ

ਸਰਵਨ 'ਰਾਹੀ'

ਬਾਰੀ ਚੋਂ ਰੁਮਕਿਆ ਜਦ ਬੁਲ੍ਹਾ ਬਹਾਰ ਦਾ ਹੈ।
ਧਰਤੀ ਤੇ ਛਾ ਗਿਆ ਤਦ ਚਾਨਣ ਗ਼ੁਬਾਰ ਦਾ ਹੈ।
ਨੈਣਾਂ 'ਚ ਯਾਦ ਰੜਕੇ ਪਲਕਾਂ ਉਦਾਸ ਹੋਈਆਂ,
ਨਜ਼ਰਾਂ 'ਚ ਉਗਿਆ ਇਹ ਸਫਰ ਇੰਤਜ਼ਾਰ ਦਾ ਹੈ।
ਮੇਰੀ ਹੈ ਉਮਰ ਢਲਦੀ ਇਕ ਯਾਦ ਦੇ ਸਹਾਰੇ,
ਢਲਦਾ ਦੁਪਹਿਰ ਨੂੰ ਜਿਉਂ ਸਾਇਆ ਦੀਵਾਰ ਦਾ ਹੈ।
ਕਲ ਆਪ ਹੀ ਮਿਲਾ ਕੇ ਮਿਟੀ 'ਚ ਗਏ ਜੋ ਉਹਨਾਂ,
ਹੰਝੂਆਂ ਦੇ ਨਾਲ ਭਰਿਆ ਪੱਲਾ ਮਜ਼ਾਰ ਦਾ ਹੈ।
ਯਾਦਾਂ ਦੇ ਵਾ-ਵਰੋਲੇ ਲੰਘਦੇ ਰਹੇ ਨੇ ਦਿਲ ਚੋਂ,
'ਰਾਹੀ' ਗ਼ਮਾਂ ਦਾ ਮਾਰਾ ਬਾਹਾਂ ਉਲਾਰ ਦਾ ਹੈ।

(ਰੁੜਕਾ ਕਲਾਂ (ਜਲੰਧਰ)

---

## ਗ਼ਜ਼ਲ

—ਪ੍ਰਦੇਸੀ ਮੋਗਵੀ

ਸਾਜ ਛੇੜੇਂ ਗੀਤ ਗਾਵਾਂ ਦੋਸਤਾ।
ਯਾਦ ਭੈੜੀ ਵੀ ਭੁਲਾਂਵਾਂ ਦੋਸਤਾ।

ਆਦਮੀ ਬਿਨ ਆਦਮੀ ਦਾ ਜੇ ਸਰੇ,
ਵੇਖਦੇ ਫਿਰ ਕੌਣ ਰਾਵ੍ਹਾਂ ਦੋਸਤਾ।

ਮੈਂ ਕੁਸੈਲੇ ਸ਼ਬਦ ਤੇਰੇ ਪੀ ਗਿਆ,
ਕੌੜੀਆਂ ਫਿਰ ਕਿਉਂ ਹਵਾਵਾ ਦੋਸਤਾ ?

ਕੁਝ ਕਦਮ ਤੁਰ ਕੇ ਹੀ ਕਿਉਂ ਮੰਗੇ ਸਿਲਾ,
ਦੂਰ ਮੰਜ਼ਿਲ ਦੂਰ ਛਾਵਾਂ ਦੋਸਤਾ।

ਸਾਗਰਾਂ ਵਿਚ ਤਰਨ ਦੀ ਗਲ ਕਰ ਰਿਹੈਂ,
ਸਾਗਰਾਂ ਵਿਚ ਸੌ ਬਲਾਵਾਂ ਦੋਸਤਾ।

ਮਰ ਰਹੇ ਨੂੰ ਨਰਕ ਦਾ ਡਰ ਕਿਉਂ ਦਵੇਂ,
ਜੀਂਦਿਆਂ ਨਾਂ ਘਟ ਸਜ਼ਾਵਾਂ ਦੋਸਤਾ।

ਪੀੜ ਮੇਰੀ ਬਣ ਗਈ ਮੇਰੀ ਗ਼ਜ਼ਲ,
ਮੈਂ ਗ਼ਜ਼ਲ ਕਿਸ ਨੂੰ ਸੁਣਾਵਾਂ ਦੋਸਤਾ।

ਵੇਖ ਬਲਦੀ, ਹਾੜ੍ਹ ਦੀ ਧੁੱਪ, ਡਰ ਗਿਐਂ,
ਬਲ ਰਹੀ ਚਲ, ਛਾਂ ਵਿਖਾਵਾਂ ਦੋਸਤਾ।

---



Namdhari Elibrary NamdhariElibrary@gmail.com

## ਇਹ ਛਿਣ—ਇਹ ਪਲ

ਤਰਲੋਕ ਮਨਸੂਰ

ਮੇਰੇ ਦੁਆਰ ਅਜ ਕੌਣ ਆਇਆ ਹੈ ?

ਇਹ ਕਿਸਦੀ ਤੋਰ ਵਿਚ ਘੁੰਗਰੂਆਂ ਦੀ ਛਣਕਾਰ ਹੈ ?

ਤੇ ਜਿਸ ਦੀ ਥਾਪ ਵਿਚ ਸੰਗੀਤ ਦੀ ਸੁਰਤਾਲ ਹੈ ?

ਅਚਲਾਂ ਤੋਂ ਬੰਦ ਦੁਆਰ ਨੂੰ ਕਿਸ ਨੇ ਥਪਥਪਾਇਆ ਹੈ ?

ਮੇਰੇ ਦੁਆਰ ਅਜ ਕੌਣ ਆਇਆ ਹੈ ?

ਕੈਸੀ ਚਮਤਕਾਰੀ ਛੁਹ ਹੈ ?

ਬਿਰਛ ਸੁਕਾ ਫਿਰ ਤੋਂ ਹਰਿਆ ਹੋ ਗਿਆ,

ਬੂਰ ਭਰਿਆ ਹੋ ਗਿਆ ।

ਰੂਹ ਸ਼ਾਂਤ ਹੈ, ਦਿਲ ਸ਼ਾਦ ਹੈ ।

ਆਨੰਦ ਹੈ ਵਿਸਮਾਦ ਹੈ

ਵਿਸਮਾਦ ਅੰਦਰ ਵਿਸਮਾਦ ਬਾਹਰ ਵਿਸਮਾਦ ਦਾ ਵਿਸਤਾਰ ਹੈ

ਵਿਸਮਾਦ ਕਾਇਆਂ ਵਿਸਮਾਦ ਕਪੜ ਵਿਸਮਾਦ ਹੀ ਵਿਸਮਾਦ ਹੈ

ਮੇਰੇ ਲਾਲ ਜੀਉ ਅੰਦਰ ਲੰਘ ਆਉ

ਪੱਥਰ ਹੋਈ ਅੱਹਲਿਆ ਤਾਈਂ ਆਪਣੇ ਚਰਨ ਛੁਹਾਉ

ਚਰਨ ਛੁਹਾਉ, ਬਿਰਹਨ ਸੱਗ-ਸੰਤਾਪ ਲਹਿ ਜਾਏ

ਜਨਮ ਜਨਮ ਦੀ ਪਿਆਸੀ ਮੀਰਾਂ ਆਪਣੀ ਪਿਆਸ ਬੁਝਾਏ ।

——

## ਅਸੰਗਤੀ

—ਡਾ: ਨਰੇਸ਼

ਮੈਂ ਪਰਤ ਜਾਣਾ ਚਾਹੁੰਦਾ ਹਾਂ
ਆਪਣੇ ਮੁਹੱਲੇ ਨੂੰ
ਮੁਹੱਲੇ ਦੇ ਸਿਰੇ ਤੇ ਬਣੇ ਆਪਣੇ ਪੁਸ਼ਤੈਨੀ ਮਕਾਨ ਨੂੰ ।
ਮੇਰਾ ਮਨ
ਇਹ ਗਗਨ ਚੁੰਮਦੀਆਂ ਅਟਾਰੀਆਂ ਤੋਂ ਭਰ ਚੁੱਕਾ ਹੈ
ਕੰਕਰੀਟ ਅਤੇ ਪੱਥਰਾਂ ਤੋਂ ਬਣੇ
ਪ੍ਰਾਣਹੀਨ ਜੀਵਾਂ ਨੂੰ ਹਨੇਰੀ ਬਾਰਿਸ਼ ਤੋਂ ਬਚਾ ਰਹੇ
ਕਬੂਤਰਖਾਨਿਆਂ ਤੋਂ ਉਕਤਾ ਚੁਕਾ ਹੈ ।
ਉਕਤਾਹਟ ਉਖੱੜੇ ਹੋਏ ਸਾਹ ਵਾਂਗ
ਗਲੇ ਵਿਚ ਅਟਕ ਜਾਂਦੀ ਹੈ
ਤਾਂ ਮਨ
ਸਭ ਕੁਝ ਛੱਡ ਛੁਡਾ ਕੇ ਭੱਜ ਜਾਣਾ ਚਾਹੁੰਦਾ ਹੈ
ਆਪਣੇ ਮੁਹਲੇ ਨੂੰ
ਜਿਥੇ ਮੈਂ ਖੂਹ ਚੋਂ ਪਾਣੀ ਖਿੱਚ ਕੇ
ਮੰਦਰ ਦਾ ਫਰਸ਼ ਧੋਇਆ ਕਰਦਾ ਸੀ;
ਜਿਥੇ ਬੇਰਾਂ ਦੀਆਂ ਝਾੜੀਆਂ 'ਚੋਂ
ਕੱਚੇ ਪਿੱਲੇ ਬੇਰ ਚੁਗਿਆ ਕਰਦਾ ਸੀ;
ਜਿਥੇ ਰਾਤ ਨੂੰ ਪਿੱਪਲ ਦੀ ਸੰਘਣੀ ਕੋਠੜੀ 'ਚ
ਭੂਤ ਰਿਹਾ ਕਰਦਾ ਸੀ;
ਜਿਥੇ ਹਰ ਘਰ ਦਾ ਦਰਵਾਜ਼ਾ
ਗੁਆਂਢੀ ਦੇ ਮਕਾਨ ਵਿਚ ਖੁਲ੍ਹਦਾ ਸੀ ।
ਪਰ—
ਪਿੰਡੋਂ ਆਏ ਕੁਝ ਲੋਕੀ ਕਲ੍ਹ ਹੀ ਮਿਲੇ ਸਨ
ਉਹਨਾਂ ਤੋਂ ਸੁਣਿਆ ਹੈ, ਕਿ ਹੁਣ
ਮੇਰੇ ਮੁਹੱਲੇ ਵਿਚ ਵੀ
ਸਾਰੇ ਘਰਾਂ ਦੇ ਆਪੋ ਆਪਣੇ ਦਰਵਾਜ਼ੇ ਹਨ;
ਬੇਰਾਂ ਦੀਆਂ ਝਾੜੀਆਂ ਵੱਢ ਦਿੱਤੀਆਂ ਹਨ;
ਪਿੱਪਲ ਤੇ ਰਹਿਣ ਵਾਲਾ ਭੂਤ
ਪਤਾ ਨਹੀਂ ਕਿੱਥੇ ਚਲਿਆ ਗਿਆ ਹੈ ।
ਤੇ
ਮੰਦਰ 'ਚ ਹੁਣ ਆਰਤੀ ਨਹੀਂ ਹੁੰਦੀ ।

——



Namdhari Elibrary NamdhariElibrary@gmail.com

## ਗ਼ਜ਼ਲ

—ਸੁਖਜਿੰਦਰ ਦੁਖੀਆ

ਤੇਰੇ ਅਉਣ ਦੀ ਆਸ, ਕੀ ਕਰੀਏ।
ਐਂਵੇਂ ਦਿਲ ਨੂੰ ਨਿਰਾਸ਼ ਕੀ ਕਰੀਏ।

ਹਰ ਵੇਲੇ ਤਾਂ ਗ਼ਮ ਰਹੇ ਮਿਲਦੇ।
ਹੁਣ ਖੁਸ਼ੀ ਦੀ ਤਲਾਸ਼, ਕੀ ਕਰੀਏ।

ਜਦ ਤੂੰ ਹੀ ਤਾਂ ਬੇਵਫਾ ਨਿਕਲੀ।
ਫਿਰ ਆਪਣੇ ਤੇ ਇਤਬਾਰ ਕੀ ਕਰੀਏ।

ਜਦ ਕੋਈ ਵੀ ਆਪਣਾ ਨਹੀਂ ਜੱਗ ਵਿਚ,
ਫਿਰ ਮਰਨ ਦਾ ਕਿਆਸ, ਕੀ ਕਰੀਏ।

ਤੂ ਤਾਂ ਚਾਂਦੀ ਦਾ ਰੀ ਪਾਣੀ-ਡੀਕੇਂ ਸਦਾ,
ਅਸੀਂ ਦਿਲ ਦੇ ਪਪੀਹੇ ਦਾ, ਕੀ ਕਰੀਏ।

ਇਹ ਤਾਂ ਨਦੀਉਂ ਵੀ ਮੁੜਿਆ ਪਿਆਸਾ ਸਦਾ ;
ਦਸ ? 'ਦੁਖੀਏ' ਦੇ ਦਰਦਾਂ ਦਾ ਕੀ ਕਰੀਏ।

ਪਿੰਡ : ਫਤਿਹਪੁਰ
ਡਾਕ : ਸਨੌਰ-14703
ਪਟਿਆਲਾ

---

## ਗ਼ਜ਼ਲ

—ਗੁਰਭਜਨ ਸਿੰਘ

ਬੜਾ ਮਾਨ ਏ ਮੈਨੂੰ ਉਹਦੇ ਨਾਂ ਉਤੇ।
ਅਸਾਂ ਤਾਂਹੀਓਂ ਲਿਖਾਇਆ ਬਾਂਹ ਉਤੇ।
ਬੀਆਬਾਨ ਉਜਾੜ ਤੇ ਸੁੰਨ ਜਿਥੇ,
ਉਥੇ ਸ਼ਹਿਰ ਵੱਸੇ ਉਹਦੇ ਨਾਂ ਉਤੇ।
ਉਧਰ ਗੈਰ ਉਠਾਏ ਨਾ ਅੱਖ ਕੋਈ,
ਬੜਾ ਮਾਣ ਏ ਮੈਨੂੰ ਮੇਰੀ ਜਾਂ ਉਤੇ।
ਜਾਂ ਦਿਤਿਆਂ ਇਸ਼ਕ ਨੂੰ ਜਾਂ ਪੈ ਜਾਏ,
ਖੇਲ ਜਾਵਾਂਗਾ ਆਪਣੀ ਜਾਂ ਉਤੇ।
ਅਜ ਸੋਲ੍ਹਵਾਂ ਜਨਮ ਮਨਾਇਐ ਉਹਦਾ,
ਸਿਖਰ ਧੁਪ ਆਈ ਪੂਰੀ ਛਾਂ ਉਤੇ।
ਅਜ ਭਾਵੇਂ ਉਹ ਕਰੇ ਇਨਕਾਰ ਲਖਾਂ,
ਪਿੰਡੋਂ ਨਿਕਲ ਆਇਆਂ ਉਹਦੀ ਹਾਂ ਉਤੇ।

---

## ਇਕ ਮਿਲਨੀ

ਸਾਹਿਬ ਸਿੰਘ ਸੁੱਖ

ਇਕ ਮਿਲਨੀ ਉਹ ਕਿਹੋ ਜਿਹੀ ਸੀ ?
ਜਿਸ ਮਿਲਨੀ ਵਿਚ ਨੇਤਰ ਸਾਡੇ—
ਲੱਪ ਲੱਪ ਅੱਥਰੂ ਰੁੰਨੇ।
ਰੋ ਰੋ ਹਾਲੀ ਨਹੀਂ ਸਾਂ ਰੱਜੇ,
ਡੁੱਲ੍ਹ ਡੁੱਲ੍ਹ ਅਥਰੂ ਨਹੀਂ ਸਨ ਮੁੱਕੇ—
ਗਏ ! ਫੇਰ ਵਿਛੁੰਨੇ।
ਤੇਰੇ ਗਲ ਲਗਕੇ ਓ ਯਾਰਾ।
ਰੋਣ ਵਿਚ ਵੀ ਜੋ ਮਜ਼ਾ ਸੀ,
ਉਹ ਮਜ਼ਾ ਹੁਣ ਕਿੱਥੇ ?
ਵਿਛੜੇ ਹੋਏ ਨ ਮਰ ਜਾਈਏ,
ਰੱਬਾ ! ਮੁੜਕੇ ਮੇਲ ਕਰਾਵੀਂ,
ਹਾਲੀ ਚਾਅ ਨ ਲੱਥੇ।

ਕਮਰਾ ਨੰਬਰ 24
ਐਕਸਟੈਨਸ਼ਨ ਹੋਸਟਲ
ਕਰਨਾਲ।



Namdhari Elibrary NamdhariElibrary@gmail.com

ਵਾਰਤਾ ਇਕ ਨਵੀਂ

# 1934 ਦੇ ਤਿੰਨ ਇਤਿਹਾਸਕ ਦਿਨ

— ਪ੍ਰੀਤਮ ਸਿੰਘ ਪੰਛੀ

ਦੂਰ-ਦਰਸ਼ੀ ਲੋਕਾਂ ਦੀ ਸੋਚਣੀ ਕਈ ਵਾਰ ਉਹਨਾਂ ਦੇ ਦਿਮਾਗ 'ਚੋਂ ਉਪਜੀ ਕਿਸੇ ਵਿਉਂਤ ਨੂੰ ਇਤਿਹਾਸ ਦਾ ਦਰਜਾ ਦੇਣ ਦਾ ਕਾਰਣ ਬਣ ਜਾਂਦੀ ਹੈ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਨਾ ਸਿਰਫ ਕੋਈ ਜਗਿਆਸਾ ਸਗੋਂ ਲੱਖਾਂ ਲੋਕਾਂ ਦੇ ਦਿਲਾਂ ਵਿਚ ਆਪਣੀ ਪ੍ਰਾਪਤੀ ਦੀ ਅਮਿਟ ਛਾਪ ਛੱਡ ਜਾਂਦੀ ਹੈ।

ਜਿਨ੍ਹਾਂ ਤਿੰਨ ਦਿਨਾਂ ਦਾ ਮੈਂ ਜ਼ਿਕਰ ਕਰ ਰਿਹਾ ਹਾਂ, ਉਹਨਾਂ ਦਿਨਾਂ ਦੇ ਬਹੁਤ ਸਾਰੇ ਪਾਂਧੀ ਇਸ ਦੁਨੀਆਂ ਵਿਚ ਨਹੀਂ ਰਹੇ ਪਰ ਮੇਰੇ ਵਰਗੇ ਜੋ ਉਹਨੀਂ ਦਿਨੀਂ ਅਜੇ ਬਚਪਨ ਦੇ ਪਹਿਲੇ ਪੜਾਅ ਵਿਚ ਹੀ ਸਨ ਉਹਨਾਂ ਇਤਿਹਾਸਕ ਤਿੰਨ ਦਿਨਾਂ ਦੀ ਗਵਾਹੀ ਦੇ ਸਕਦੇ ਹਨ, ਜੋ ਪ੍ਰਮਾਣਿਕ ਮੰਨੀ ਜਾਣੀ ਚਾਹੀਦੀ ਹੈ।

ਸਾਡਾ ਸਿਖ ਸਮਾਜ ਬਹੁਤ ਸਾਰੇ ਸਮੂਹਾਂ ਨੂੰ ਮਿਲਾਕੇ ਬਣਿਆ ਹੈ। ਉਹ ਸਮੂਹ ਹਨ—ਸਿਖ ਸੰਪ੍ਰਦਾਵਾਂ ਸਾਰੀਆਂ ਸੰਪ੍ਰਦਾਵਾਂ ਦੀ ਬੁਨਿਆਦ ਇਕ ਹੈ, ਥੋੜੇ ਜਿਹੇ ਫਰਕ ਨਾਲ ਉਦੇਸ਼ ਇਕ ਹੈ ਅਤੇ ਸਭ ਤੋਂ ਵੱਡੀ ਗੱਲ ਇਹ ਕਿ ਪਿਛੋਕੜ ਇਕ ਹੈ।

ਸਤਿਗੁਰੂ ਪ੍ਰਤਾਪ ਸਿੰਘ ਨੂੰ ਫੁਰਨਾ ਫੁਰਿਆ ਕਿ ਸਿਖ ਸੰਪ੍ਰਦਾਵਾਂ ਇਕ ਦੂਜੇ ਨਾਲ ਮੂਹ ਵੱਟੀ ਰੱਖਦੀਆਂ ਹਨ। ਕੀ ਇਹ ਇਕ ਮੰਚ ਤੇ ਆ ਕੇ ਆਪਣੇ ਛੋਟੇ ਮੋਟੇ ਵਿਤਕਰੇ ਨਹੀਂ ਭੁਲਾ ਸਕਦੀਆਂ ?

ਭੈਣੀ ਸਾਹਿਬ ਵਿਚ ਗੁਰੂ ਨਾਨਕ ਸਰਬ ਸੰਪ੍ਰਦਾਇ ਕਾਨਫਰੰਸ ਕਰਨ ਦਾ ਫੈਸਲਾ ਹੋਇਆ। ਤਿਆਰੀਆਂ ਸ਼ੁਰੂ ਹੋ ਗਈਆਂ। ਉਹਨੀਂ ਦਿਨੀਂ ਅਕਾਲੀਆਂ ਵਿਚ ਵੀ ਮਾਸ-ਟਰ ਤਾਰਾ ਸਿੰਘ ਅਤੇ ਗਿਆਨੀ ਸ਼ੇਰ ਸਿੰਘ ਦੇ ਧੜਿਆਂ ਦੇ ਮਤਭੇਦ ਖੁਲ੍ਹਕੇ ਸਾਹਮਣੇ ਆ ਰਹੇ ਸਨ। ਇਸ ਸਥਿਤੀ ਤੋਂ ਨਿਰਾਸ਼ ਹੋ ਕੇ ਮਾਸਟਰ ਤਾਰਾ ਸਿੰਘ ਅਗਿਆਤਵਾਸ ਨੂੰ ਚਲੇ ਗਏ ਸਨ।

ਸਿਖਾਂ ਦੇ ਵੱਡੇ ਆਗੂ, ਵਿਦਵਾਨ, ਲੇਖਕ, ਕਵੀ ਅਤੇ ਸਿਖਸ਼ਾ ਸ਼ਾਸਤਰੀ ਭੈਣੀ ਸਾਹਿਬ ਆ ਜੁੜੇ। ਅੱਸੂ ਦੇ ਦਿਨ ਸਨ। ਮੱਠਾ ਮੱਠਾ ਪਾਲਾ ਅਜੇ ਉਤਰਿਆ ਹੀ ਸੀ। ਸਾਡੇ ਸਕੂਲ ਦੀ ਇਮਾਰਤ ਮਹਿਮਾਨਾਂ ਲਈ ਖਾਲੀ ਕਰਕੇ ਸਾਨੂੰ ਬਾਗ ਵਾਲੀ ਕੋਠੀ ਭੇਜ ਦਿਤਾ ਗਿਆ ਸੀ ਅਤੇ ਕੋਠੀ ਦੇ ਇਕੱਲਵਾਂਜੇ ਸਾਡੀ ਅਸਥਾਈ ਰਿਹਾਇਸ਼ ਲਈ ਤੰਬੂ ਲਗਾ ਦਿਤੇ ਗਏ ਸਨ।

ਮੈਂ, ਪ੍ਰੀਤਮ ਸਿੰਘ ਕਵੀ ਅਤੇ ਸਾਡੇ ਕੁਝ ਹੋਰ ਸਾਥੀ ਅਖਬਾਰਾਂ ਰਸਾਲੇ ਸ਼ੌਕ ਨਾਲ ਪੜ੍ਹਦੇ ਸਾਂ ਅਤੇ ਦੁਨੀਆਂ ਤੋਂ ਜਾਣੂੰ ਹੋਣ ਦਾ ਦਾਅਵਾ ਵੀ ਕਰਨ ਲੱਗ ਪਏ ਸਾਂ। 'ਪ੍ਰੀਤ ਲੜੀ' ਸਾਨੂੰ ਸਭ ਤੋਂ ਪ੍ਰਿਅ ਸੀ। ਸਾਨੂੰ ਇਸ ਤਿੰਨ ਰੋਜ਼ਾ ਕਾਨਫਰੰਸ ਦਾ ਸਭ ਤੋਂ ਵੱਡਾ ਚਾਅ ਇਹ ਸੀ ਕਿ ਅਸੀਂ ਸਿਖਾਂ ਦੀਆਂ ਸਾਰੀਆਂ ਵੱਡੀਆਂ ਹਸਤੀਆਂ ਨੂੰ ਸਾਖਿਆਤ ਦੇਖ ਸਕਾਂਗੇ।



Namdhari Elibrary NamdhariElibrary@gmail.com

ਸਭ ਤੋਂ ਪਹਿਲਾਂ ਅਸੀਂ ਸ: ਗੁਰਬਖ਼ਸ਼ ਸਿੰਘ 'ਪ੍ਰੀਤ ਲੜੀ' ਨੂੰ ਲਭਿਆ। ਭਰ ਜੁਆਨੀ ਵਿਚ ਸਨ ਉਹ। ਉਹਨਾਂ ਦੀਆਂ ਕੁੰਢੀਆਂ ਮੁੱਛਾਂ ਅਤੇ ਹਰ ਗੱਲ ਵਿਚ ਉਹਨਾਂ ਦੀ ਲਚਕ ਨੇ ਸਾਨੂੰ ਸਭ ਤੋਂ ਵਧ ਪ੍ਰਭਾਵਤ ਕੀਤਾ।

ਉਸ ਤੋਂ ਬਾਦ ਅਸੀਂ ਦੂਜੀਆਂ ਸਨਮਾਨ ਯੋਗ ਹਸਤੀਆਂ ਦੀ ਪਛਾਣ ਲੱਭਣੀ ਸ਼ੁਰੂ ਕੀਤੀ। ਇਹ ਕੌਣ ਸਨ? ਭਾਈ ਸਾਹਿਬ ਭਾਈ ਅਰਜਨ ਸਿੰਘ ਬਾਗੜੀਆਂ, ਭਾਈ ਕਾਨ੍ਹ ਸਿੰਘ ਨਾਭਾ, ਭਾਈ ਸਾਹਿਬ ਭਾਈ ਤਖਤ ਸਿੰਘ ਕੰਨਿਆਂ ਮਹਾਂ ਵਿਦਿਆਲਾ ਫੀਰੋਜ਼ਪੁਰ, ਭਾਈ ਜੋਧ ਸਿੰਘ ਅਤੇ ਕਿੰਨੇ ਹੀ ਹੋਰ।

ਉਹ ਦਰਿਸ਼ ਵੀ ਅੱਖਾਂ ਅਗੇ ਘੁੰਮ ਜਾਂਦਾ ਹੈ—ਜਦੋਂ ਰਾਮਸਰ ਤੋਂ ਬਾਹਰ ਵਾਲੇ ਪਾਸੇ ਬਣੇ ਮੰਚ ਉਤੇ ਅਚਾਨਕ ਹੱਥ ਵਿਚ ਤਿੰਨ ਫੁਟੀ ਕ੍ਰਿਪਾਨ ਫੜੀ ਮਾਸਟਰ ਤਾਰਾ ਸਿੰਘ ਅਗਿਆਤ ਵਾਸ ਤੋਂ ਆ ਪ੍ਰਗਟ ਹੋਏ ਸਨ। ਕਾਨਫਰੰਸ ਦੇ ਅੰਤਮ ਦਿਨ ਦੇਰ ਨਾਲ ਪੁੱਜੇ ਗਿਆਨੀ ਸ਼ੇਰ ਸਿੰਘ ਦੇ ਭਾਸ਼ਨ ਦੀ ਯਾਦ ਵੀ ਨਹੀਂ ਭੁੱਲੀ। ਸਿਖ ਏਕਤਾ 'ਤੇ ਬੋਲਦਿਆਂ ਉਹ ਆਪ ਤਾਂ ਜੋਸ਼ ਨਾਲ ਘੁੰਮ ਹੀ ਰਹੇ ਸਨ, ਨਾਲ ਹੀ ਉਹਨਾਂ ਦਾ ਖੂੰਡਾ ਵੀ ਘੁੰਮ ਰਿਹਾ ਸੀ।

ਸ: ਮੁਨਸ਼ਾ ਸਿੰਘ 'ਦੁਖੀ' ਉਹਨੀਂ ਦਿਨੀਂ ਕਲਕੱਤੇ ਦੀ ਕਵੀ ਕੁਟੀਆ ਤੋਂ 'ਕਵੀ' ਨਾਮ ਦਾ ਮਾਸਕ ਪੱਤਰ ਪ੍ਰਕਾਸ਼ਤ ਕਰਦੇ ਹਨ। 'ਕਵੀ' ਸਾਡੇ ਸਕੂਲ, ਵਿਚ ਬਹੁਤ ਲੋਕ-ਪ੍ਰਿਅ ਸੀ ਅਤੇ ਅਸੀਂ ਉਸੇ ਦੇ ਪੱਥ ਪ੍ਰਦਰਸ਼ਨ ਹੇਠ 'ਸਮਸਿਆ' ਰਖਕੇ ਕਵਿਤਾ ਲਿਖਣੀ ਸ਼ੁਰੂ ਕੀਤੀ। ਇਕ 'ਸਮੱਸਿਆ' ਅਜੇ ਵੀ ਯਾਦ ਹੈ—"ਦਿਤਾ ਭੰਨ ਨਕੋੜਾ ਯਾਰ!"

'ਦੁਖੀ' ਜੀ ਨੂੰ ਪਤਾ ਨਹੀਂ, ਕਿਸ ਤਰ੍ਹਾਂ ਪਤਾ ਲੱਗ ਗਿਆ ਕਿ ਏਥੋਂ ਦੇ ਸਕੂਲ ਵਿਚ ਕੁਝ ਲੜਕੇ ਉਹਨਾਂ ਦੇ ਪ੍ਰਸੰਸਕ ਵੀ ਹਨ ਅਤੇ ਉਹ ਇਕ ਹੱਥ-ਲਿਖਤ ਪਤ੍ਰਿਕਾ "ਪਿਆਰਾ" ਵੀ ਕਢਦੇ ਹਨ।

ਮੈਨੂੰ ਤੇ ਪ੍ਰੀਤਮ ਸਿੰਘ ਕਵੀ ਨੂੰ ਬੁਲਾਵਾ ਆਇਆ ਕਿ ਕੋਠੀ ਦੇ ਬੂਹੇ ਅੱਗੇ ਕੋਈ ਸਾਨੂੰ ਮਿਲਣ ਆਇਐ। ਅਸੀਂ ਗਏ। ਸਾਡੇ ਅਧਿਆਪਕ ਸੁਤੰਤਰਤਾ ਸੰਗਰਾਮੀਏ ਪੰਡਿਤ ਮੁਨਸ਼ਾ ਸਿੰਘ 'ਕੌਮੀ' ਨੇ ਸਾਨੂੰ ਸ: ਮੁਨਸ਼ਾ ਸਿੰਘ 'ਦੁਖੀ' ਨਾਲ ਮਿਲਾਇਅ। ਅਸੀਂ ਗਦ ਗਦ ਹੋ ਗਏ। ਉਹਨਾਂ ਨੂੰ ਆਪਣੀ ਹੱਥ-ਲਿਖਤ ਪ੍ਰਤ੍ਰਿਕਾ ਭੇਟਾ ਕਰਦਿਆਂ ਉਹਨਾਂ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

ਉਸ ਕਾਨਫ੍ਰੰਸ ਦੀਆਂ ਦੋ ਹੋਰ ਅਭੁੱਲ ਯਾਦਾਂ ਵੀ ਹਨ—ਕਾਨਫ੍ਰੰਸ ਦੇ ਅਰੰਭਕ ਦਿਨ ਭਾਈ ਸਾਹਿਬ ਭਾਈ ਤਖਤ ਸਿੰਘ, ਸਿਖ ਕੰਨਿਆ ਮਹਾ ਵਿਦਿਆਲਾ, ਫੀਰੋਜ਼ਪੁਰ ਵਾਲਿਆਂ ਨੇ ਅਰਦਾਸ ਕਰਦਿਆਂ ਕਿਹਾ ਸੀ—"ਹੇ ਪਾਤਸ਼ਾਹ! ਆਪਣੇ ਸਿਖਾਂ ਨੂੰ ਏਕਤਾ ਦਾ ਬਲ ਬਖਸ਼ੀਂ। ਤੇਰੇ ਸਿਖ ਵਖੋ ਵਖ ਸ਼ਾਖਾਵਾਂ ਵਿਚ ਵੰਡੇ ਹੋਏ ਵੀ ਅੱਡਰੇ ਅੱਡਰੇ ਨਾ ਦਿੱਸਣ।"

ਦੂਜੀ ਯਾਦ ਹੈ—ਜਿਥੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਕੀਰਤਨ ਨਾਮਧਾਰੀ ਰੀਤੀ ਅਨੁਸਾਰ ਹੁੰਦਾ ਸੀ। ਉਥੇ ਲੌਢੇ ਵੇਲੇ ਦੀ ਕਥਾ ਭਾਈ ਜੋਧ ਸਿੰਘ ਜੀ ਕਰਿਆ ਕਰਦੇ ਸਨ।


ਰਾਮ ਸਰੂਪ ਅਣਖੀ ਦੀ

ਨਵੀਂ ਕਥਾ-ਰਚਨਾ ਤਿੰਨ ਨਾਵਲੇੱਟ

## ਅੱਧਾ ਆਦਮੀ

ਮਰਦ ਲਈ ਔਰਤ ਤੇ ਔਰਤ ਲਈ ਮਰਦ ਇੱਕ ਜ਼ਰੂਰੀ ਖੁਰਾਕ ਹੈ। ਇਹ ਖੁਰਾਕ ਜਿਸਮਾਨੀ ਵੀ ਹੈ ਤੇ ਮਾਨਸਿਕ ਵੀ। ਇਹਦੇ ਲਈ ਭਟਕਣ ਸਦਾ ਜਾਰੀ ਰਹਿੰਦੀ ਪਰ ਕਈ ਵਾਰੀ ਪ੍ਰਾਪਤੀ ਵਿੱਚੋਂ ਅਕੇਵਾਂ ਵੀ ਪੈਦਾ ਹੋ ਜਾਂਦਾ ਹੈ। ਮਨੁੱਖੀ ਭਾਵਨਾਵਾਂ ਦੀ ਪੂਰਤੀ-ਅਪੂਰਤੀ ਦੇ ਸੰਘਰਸ਼ ਨੂੰ ਲੈ ਕੇ ਅਣਖੀ ਨੇ ਇਹ ਤਿੰਨ ਨਰੋਏ ਨਾਵਲੇਟ ਪੰਜਾਬੀ ਸਾਹਿਤ ਨੂੰ ਭੇਟ ਕੀਤੇ ਹਨ। ਸਫੇ 112-ਕੱਪੜੇ ਦੀ ਪੱਕੀ ਜਿਲਦ-ਮੁੱਲ ਅੱਠ ਰੁਪਏ।

ਮਿਲਣ ਦਾ ਪਤਾ:

**ਰਵੀ ਸਾਹਿਤ ਪ੍ਰਕਾਸ਼ਨ, ਹਾਲ ਬਾਜ਼ਾਰ ਅੰਮ੍ਰਿਤਸਰ**





Namdhari Elibrary NamdhariElibrary@gmail.com

ਕਹਾਣੀ

# ਨਵਾਂ ਮੋੜ

—ਬੂਟਾ ਸਿੰਘ

ਉਸ ਦੀਆਂ ਦੋਵੇਂ ਭਾਬੀਆਂ, ਹਰ ਵਰ੍ਹੇ ਜਾਂ ਹਰ ਦੂਜੇ ਵਰ੍ਹੇ ਬਾਲ ਜੰਮਦੀਆਂ। ਉਹ ਭਜੀ ਫਿਰਦੀ, ਉਸ ਦੇ ਕੰਮ ਹੀ ਨਾ ਮੁੱਕਦੇ, ਤੇ ਨਾ ਹੀ ਉਸ ਨੂੰ ਥਕੇਵਾਂ ਹੁੰਦਾ। ਉਹ ਸਪਾਤ ਦੀ ਬਣੀ ਮਸ਼ੀਨ ਸੀ, ਜਿਸ ਦਾ ਰੰਗ ਕੰਮ ਕਰਨ ਨਾਲ ਹੋਰ ਉਘੜ ਆਉਂਦਾ।

ਜਿਸ ਦਿਨ ਉਸ ਨੂੰ ਪਤਾ ਲਗਦਾ, ਕਿ ਵਡੀ ਭਾਬੀ ਨੂੰ ਦਿਹਾੜੇ ਚੜ੍ਹ ਗਏ ਹਨ, ਤਾਂ ਕੰਮ ਕਰਦੀ ਦਾ ਹਾਸਾ ਡੁਲ ਡੁਲ ਪੈਂਦਾ। ਉਹ ਕੰਮ ਵਿਚ ਰੁਝੀ ਭਾਬੀ ਵਲੋਂ ਤਕ ਮੁਸਕਰਾਉਂਦੀ ਲੰਘਦੀ।...ਭਾਬੀ, ਨੀ ਵੱਡੀਏ, ਮੈਂ ਤੇਰੇ ਜੋਗਾ ਪਾਣੀ ਲਿਆ ਦੇਨੀ ਆਂ, ਤੂੰ ਬੈਠੀ ਰਹੋ ਤੇ ਬਾਲਾਂ ਨੂੰ ਸਾਂਭ, ਕੰਮ ਸਾਰਾ ਮੈਂ ਆਪੇ ਕਰ ਲਊਂ। ਤਾਰੋ ਦੀ ਗਲ ਸੁਣ ਵੱਡੀ ਨੂੰ ਸੰਗ ਆ ਜਾਂਦੀ, ਤੇ ਆਪਣਾ ਆਪ ਛੁਪਾਉਂਦੀ ਕਹਿੰਦੀ "ਮੈਂ ਕੋਈ ਬੁਢੀ ਹੋ ਗਈ ਹਾਂ..."

"ਨਹੀਂ ਮਹਾਰਾਜ ਅਸਾਂ ਕਦ ਕਿਹਾ ਤੁਸੀਂ ਬੁਢੇ ਹੋ ਗਏ ਹੋ, ਬੈਠਕੇ ਪਰਸ਼ਾਦ ਛੱਕੋ, ਤੇ ਸਾਨੂੰ ਹੁਕਮ ਕਰੋ ਜੋ ਕੁਝ ਚਾਹੀਦਾ ਜੇ, ਐਂਵੇ ਕਿਤੇ ਭਾ ਆ ਕੇ...

ਉਹ ਮੁਸਕਰਾਉਂਦੀ ਫਿਰਦੀ, ਉਸ ਦੇ ਮੱਥੇ ਉਤੇ ਕਦੇ ਵਟ ਨਹੀਂ ਸੀ ਪਿਆ। ਉਸ ਦਾ ਮਨ ਕਈਆਂ ਚਾਵਾਂ ਨਾਲ ਭਰਿਆ ਹੋਇਆ ਸੀ। ਉਸ ਨੂੰ ਕਿਸੇ ਨਵੇਂ ਮੂੰਹ ਦੀ ਜੁ ਉਡੀਕ ਹੁੰਦੀ। ਜਿਸ ਲਈਂ ਉਚੇਚ ਕਰਨੇ ਹੀ ਪੈਂਦੇ ਨੇ ਵਡੀ ਭਾਬੀ ਆਰਾਮ ਕਰਦੀ। ਛੋਟੀ ਆਪਣੇ ਸਜਾਏ ਬਚੇ ਦੇ ਆਹਰ ਵਿਚ ਰਹਿੰਦੀ। ਸਾਰੇ ਘਰ ਦਾ ਕੰਮ ਉਸ ਦੇ ਸਿਰ ਉਤੇ ਸੀ। ਤੇ ਉਹ ਇਧਰ ਉਧਰ ਭਜੀ ਫਿਰਦੀ ਜਿਵੇਂ ਉਹ ਹੀ ਘਰ ਦੀ ਮਾਲਕ ਹੈ।

ਸ਼ਾਮ ਨੂੰ ਸਾਰੇ ਬਚੇ ਚੁਲ੍ਹੇ ਕੋਲ ਉਸ ਲਾਗੇ ਆ ਕੇ ਬੈਠਦੇ ਤਾਂ ਉਸ ਨੂੰ ਇਕ ਸਵਾਦ ਜਿਹਾ ਆ ਜਾਂਦਾ। ਸਾਰਾ ਘਰ ਉਸ ਨੂੰ ਭਰਿਆ ਭਰਿਆ ਲਗਦਾ। ਉਸ ਦੇ ਦਿਲ ਨੂੰ ਠੰਡ ਪੈ ਜਾਂਦੀ।......ਫਿਰ ਕਈ ਮੰਗਾਂ ਜਾਗ ਪੈਂਦੀਆਂ, ਨਵੇਂ ਨਵੇਂ ਝਗੜੇ ਉਠ ਖਲੋਂਦੇ, ਘਿਓ ਦਾ ਝਗੜਾ, ਪਰੌਂਠੇ ਦਾ ਝਗੜਾ ਤੇ ਇਨ੍ਹਾਂ ਝਗੜਿਆਂ ਨਾਲ ਕਈ ਬਾਤਾਂ ਸ਼ੁਰੂ ਹੋ ਪੈਂਦੀਆਂ। ਬਿਲੀ ਕੁੱਤੇ ਦੀ ਬਾਤ, ਚਿੜੀ ਕਾਂ ਦੀ ਬਾਤ।... ਉਹ ਤਵੇ ਉਤੇ ਰੋਟੀ ਪਾਉਂਦੀ ਪੁਛਦੀ ' ਦਸ ਵੇ ਬਠਲਾ ਸਾਡੇ ਕੋਠੇ ਉਤੇ ਚਿੜੀ ਏ, ਕਾਂ' ਅਗੋਂ ਬਠਲ ਆਪਣੀ ਬਾਂਹ ਨਾਲ ਨੱਕ ਪੂੰਝਦਾ ਕਹਿੰਦਾ ਕਾਂ" "ਨਹੀਂ ਭੂਆਂ ਜੀ ਚਿਰੀ।"...ਚੁਪ ਕਰ ਨੀ ਰੁੜ੍ਹ ਜਾਣੀਏ, ਕੀ ਚਿਰੀ ਚਿਰੀ ਲਾ ਰਖੀ ਆ, ਹਾਂ ਬਠਲਾ ਸਾਡੇ ਕੋਠੇ ਉਤੇ ਚਿੜੀ ਏ ਕਾਂ। ਉਹ ਆਪਣੀ ਵਗਦੀ ਨਲੀ ਨੂੰ ਇਕ ਸੜ੍ਹਕੇ ਨਾਲ ਉਤਾਂਹ ਖਿਚਦਿਆਂ ਕਹਿੰਦਾ "ਕਾਂ" "ਹਾਂ ਠੀਕ ਏ"..."ਹਾਂ ਜੀ ਠੀਕ ਏ ਕਾਂ ਝਪਟਾ ਮਾਰ ਚਿਰੀ ਕੋਲੋਂ ਰੋਟੀ ਖੋ ਕੇ ਲੈ ਜਾਂਦਾ ਏ। ਚਿਰੀ ਵਿਚਾਰੀ ਕੀ ਕਰੇ।"

ਇਹ ਗੰਜੀ ਦੇ ਕਹੇ ਸ਼ਬਦ ਉਸ ਦੇ ਦਿਲ ਵਿਚ ਜਾ ਵੱਜੇ, ਤੇ ਉਹ ਸੋਚਣ ਲਗ ਪਈ, "ਚਿੜੀ ਕਿੰਨੀ ਮਸਕੀਨ ਹੁੰਦੀ ਏ। ਨਾ ਕਿਸੇ ਨਾਲ ਵੈਰ ਨਾ ਵਿਰੋਧ। ਸਭ ਤੋਂ ਡਰਦੀ ਆਪਣਾ ਆਪ ਲੁਕਾਉਂਦੀ, ਡਰ ਡਰ ਪੈਰ ਰਖਦੀ ਨੂੰ ਕੋਈ ਜੀਊਣ ਨਹੀਂ ਦੇਂਦਾ, ਤੇ ਝਪਟਾ ਮਾਰ ਕੇ ਤੁਰ ਜਾਣ ਵਾਲੇ ਨੂੰ ਕੋਈ ਬੁਰਾ ਨਹੀਂ ਕਹਿੰਦਾ। ਉਸ ਦੀ ਬੇਨਿਆਈ ਨੂੰ ਵੀ



Namdhari Elibrary NamdhariElibrary@gmail.com

ਨਿਆਂ ਦੇ ਪਲੜੇ ਵਿਚ ਪਾਇਆ ਜਾਂਦਾ ਹੈ।" ਅਜਿਹੀਆਂ ਗਲਾਂ ਸੋਚਦੀ ਉਹ ਕੁਝ ਛਿਨ ਚੁਪ ਰਹੀ। ਤੇ ਬੇਧਿਆਨੀ ਹੋ ਗਈ। ਪਰ ਰੋਟੀ ਦੀ ਕੂਕ ਨੇ ਉਸ ਨੂੰ ਫਿਰ ਚੇਤਨ ਕਰ ਦਿਤਾ। ਤੇ ਉਸ ਨੂੰ ਅਹਿਸਾਸ ਹੋਇਆ। ਸਾਰੇ ਨਿਆਣੇ ਆਪਸ ਵਿਚ ਲੜ ਰਹੇ ਨੇ ਤੇ ਉਸ ਨੂੰ ਕੁਝ ਪਤਾ ਹੀ ਨਹੀਂ ਉਹ ਕਿਉਂ ਬੇਧਿਆਨ ਹੋ ਜਾਂਦੀ ਹੈ? ਉਸ ਦੀ ਸੁਰਤੀ ਕਿਉਂ ਆਪਣੇ ਆਪ ਗਵਾਚ ਜਾਂਦੀ ਹੈ? ਤੇ ਅਜਿਹੇ ਖਿਆਲ ਕਿਉਂ ਆਉਂਦੇ ਨੇ?

ਉਹ ਬਚਿਆਂ ਨੂੰ ਰੋਟੀ ਖੁਆਂਦੀ, ਉਹਨਾਂ ਨੂੰ ਸਵਾਰਦੀ ਸਵਾਉਂਦੀ, ਚੌਂਕਾ ਚੁਲ੍ਹਾ ਸੰਭਾਲਦੀ ਤੇ ਵੀਰਾਂ ਲਈ ਦੁਧ ਰਖ ਸਭ ਤੋਂ ਪਿਛੋਂ ਸੌਂਦੀ ਤੇ ਸਭ ਤੋਂ ਪਹਿਲਾਂ ਉਠਦੀ ਘਰ ਦਾ ਸਾਰਾ ਕੰਮ ਉਸ ਦੇ ਹਥਾਂ ਵਿਚੋਂ ਨਿਕਲਦਾ। ਉਹ ਹੀ ਤਾਂ ਸਾਰੇ ਘਰ ਦੀ ਮਾਲਿਕ ਸੀ, ਭਾਬੀਆਂ ਤਾਂ ਬਾਹਰੋਂ ਆਈਆਂ ਪਰਾਹੁਣੀਆਂ ਸਨ।

ਉਹ ਹੀ ਸਾਰੇ ਬਚਿਆਂ ਦੀ ਮਾਂ ਸੀ ਜਿਸ ਦੀ ਗੋਦ ਵਿਚ ਪਲਕੇ ਸਾਰੇ ਉਚੇ ਹੋ ਰਹੇ ਸਨ। ਮਾਵਾਂ ਤਾਂ ਜਮਣ ਦੀਆਂ ਚੋਰ ਸਨ। ਸਾਰਾ ਪਾਲਨ ਪੋਸਨ ਉਸ ਦੇ ਹੀ ਜ਼ੁਮੇ ਸੀ। ਇਹ ਜ਼ੁਮੇਵਾਰੀ ਰਬ ਨੇ ਉਸ ਨੂੰ ਧੱਕੇ ਨਾਲ ਦੇ ਦਿਤੀ ਸੀ।

ਉਹ ਬਚਿਆਂ ਨੂੰ ਇਕਠਿਆਂ ਬੈਠਨ ਨਾ ਦੇਂਦੀ ਸਾਰਿਆਂ ਨੂੰ ਬਾਹਰ ਲੈਕੇ ਨਾ ਨਿਕਲਦੀ। ਮਤੇ ਨਜ਼ਰ ਨਾ ਲਗ ਜਾਵੇ। ਜਦ ਕਦੇ ਸਜਾਇਆ ਬੱਚਾ ਉਸ ਦੀ ਗੋਦ ਪਿਆ ਹੁੰਦਾ, ਉਸ ਦਾ ਜੀਅ ਕਰਦਾ ਆਪਣਾ ਦੁਧ ਪਲਾਵੇ ਉਸ ਨੂੰ ਆਪਣੀ ਹਿੱਕ ਉਤੇ ਲਟਾਵੇ। ਬੱਚੇ ਨੂੰ ਉਹ ਆਪਣੀ ਹਿੱਕ ਉਤੇ ਤਾਂ ਪਾ ਸਕਦੀ, ਪਰ ਦੁਧ ਪਿਆਉਣ ਦਾ ਖਿਆਲ ਉਸ ਵਿਚ ਝੁਣਝੁਣੀ ਪੈਦਾ ਕਰ ਦੇਂਦਾ। ਉਸ ਦੇ ਹੱਥ ਆਪਣੀ ਕਮੀਜ਼ ਦਾ ਪਲਾ ਚੁਕਣੋਂ ਰੁਕ ਜਾਂਦੇ ਤੇ ਉਸਦੇ ਮਥੇ ਉਤੇ ਪਸੀਨੇ ਦੀਆਂ ਬੂੰਦਾਂ ਆਈਆਂ ਲਗਦੀਆਂ ਤੇ ਆਪਣੇ ਆਪ ਕੋਲੋਂ ਸ਼ਰਮਿੰਦੀ ਹੋ ਜਾਂਦੀ, ਤੇ ਬਚੇ ਨੂੰ ਚੁਕ ਭਾਬੀ ਕੋਲ ਪਾ ਦੇਂਦੀ। "ਲੈ ਇਹਨੂੰ ਦੁਧ ਪਿਆ ਕਿਨੇ ਤੋਂ ਵਿਲ੍ਹੂੰ ਵਿਲ੍ਹੂੰ ਕਰਦਾ ਪਿਆ ਏ।

ਉਸਦਾ ਸਵਾਦ ਸਵਾਦ ਹੋਇਆ ਮਨ, ਉਸਦੇ ਦੀਮਾਗ ਨੂੰ ਉਖਾੜ ਦੇਂਦਾ। ਉਹ ਸੋਚਦੀ ਕਿਹੋ ਭੈੜੇ ਖਿਆਲ ਆ ਰਹੇ ਨੇ, ਬਠਲ, ਗੰਜੀ, ਛਿਨਾਂ ਉਸਦੇ ਹੀ ਬਚੇ ਨੇ। ਉਸ ਬਿਨਾ ਘੜੀ ਨਹੀਂ ਕਟਦੇ। ਕਦੇ ਕਿਸੇ ਮਾਂ ਨੂੰ ਯਾਦ ਨਹੀ ਕੀਤਾ ਚਾਹੇ ਉਹ ਮਹੀਨਾ ਦੋ ਮਹੀਨੇ ਭਾਬੀਆਂ ਪੇਕੇ ਲਾ ਆਉਣ। ਭਾਬੀਆਂ ਦੇ ਪੇਕੇ ਵੀ ਨੇ ਸਹੁਰੇ ਵੀ ਨੇ। ਉਹਨਾਂ ਦੇ ਬਚੇ ਵੀ ਨੇ ਮਰਦ ਵੀ। ਜੇ ਮਾਵਾਂ ਨਾਲ ਰੁਸਦੀਆਂ ਨੇ ਤਾਂ ਆਪਣਾ ਸਾਰਾ ਗੁੱਸਾ ਆ ਮਰਦਾਂ ਉਤੇ ਲਾਹੁੰਦੀਆਂ ਨੇ। ਜੇ ਮੇਰੇ ਵੀਰਾਂ ਨਾਲ ਨਰਾਜ਼ ਹੁੰਦੀਆਂ ਨੇ ਤਾਂ ਪੇਕੇ ਜਾ ਵੜਦੀਆਂ ਨੇ। ਭਾ ਤਾਂ ਉਹਨਾਂ ਪਿਛੇ ਭਜੇ ਫਿਰਦੇ ਨੇ, ਪਤਾ ਨਹੀਂ ਇਹਨਾਂ ਕੀ ਜਾਦੂ ਪਾ ਰਖਿਆ ਹੈ। ਬੈਠੇ ਬਠਾਏ ਸਭ ਕੁਝ ਮਿਲ ਜਾਂਦਾ ਹੈ, ਫਿਰ ਹੁਕਮ ਕਿਉਂ ਨਾ ਚਲੇ, ਗਲਾਂ ਕਿਉਂ ਨਾ ਆਉਂਣ ਇਨ੍ਹਾਂ ਫੂਲਾਂ ਜਾਦੀਆਂ ਨੂੰ... ਇਸ ਵਾਰੀ ਵਡੀ ਭਾਬੀ ਦਾ ਲੱਕ ਕਿਡਾ ਭਾਰਾ ਹੋ ਗਿਆ ਏ, ਦੋ ਬਾਲ ਜੰਮੂ ਇਸ ਵਾਰੀ, ਇਕ ਫਿਨਾ, ਇਕ ਫਿਨੀ। ਵਡਾ ਵੀਰ ਤਾਂ ਭਾਬੀ ਪਿਛੇ ਤੜਫਦਾ ਫਿਰਦਾ ਏ "ਤਾਰੋ ਤੇਰੀ ਭਾਬੀ ਕਿਡੀ ਕੰਮਜ਼ੋਰ ਹੋ ਗਈ ਏ, ਜ਼ਰਾ ਉਸਦਾ ਖਿਆਲ ਰਖਿਆ ਕਰ, ਵਿਚਾਰੀ ਦਾ ਦਿਲ ਛੱਪ ਛੱਪ ਜਾਂਦਾ ਏ ਕੰਮ ਕਰਨ ਲਗਿਆ।...ਕਿਸੇ ਦਾ ਕੋਈ ਹੋਵੇ ਸਹੀ ਦਰਦ ਵੰਡਾਉਣ ਵਾਲਾ। ਅਸੀਂ ਤਾਂ ਇਸੇ ਹੀ ਬੂਹੇ ਜੋਗੇ ਹਾਂ। ਸਾਨੂੰ ਕਦੇ ਤਾਪ ਵੀ ਨਹੀਂ ਚੜ੍ਹਿਆ। ਸਹਿਕ ਦੇ ਹਾਂ ਜਿਵੇਂ ਕੋਈ ਕਿਸੇ ਨੂੰ ਬਲਾਉਂਦਾ ਹੈ? ਭਾਬੀਆਂ ਨੂੰ ਨਿਆਣਿਆਂ ਵਿਚੋਂ ਵਿਹਲ ਨਹੀਂ ਮਿਲਦੀ। ਸਾਨੂੰ ਕਿਸੇ ਕੀ ਪੁਛਣਾ ਏ?...ਵਸਦਿਆ ਦੇ ਸਾਰੇ ਸਾਥੀ ਨੇ, ਉਜੜਿਆਂ ਨੂੰ ਕੋਣ ਪੁਛਦਾ ਏ? ਚਾਚੀ ਮੰਗਲਾਂ ਠੀਕ ਹੀ ਆਖਦੀ "ਕੁੜੇ ਸੌ ਛਿਤਰ ਖਸਮੜੇ ਹੋਣ। ਭਰਾਵਾ ਨਾਲ ਕਾਹਦਾ ਜ਼ੋਰ ਏ, ਜ਼ੋਰ ਤਾਂ ਹੁੰਦੇ ਨੇ ਖਸਮਾਂ ਨਾਲ, ਜਿਨ੍ਹਾਂ ਦੇ ਸਿਰਾਂ ਉਤੇ ਬੁੜਕੀਦਾ ਏ। ਮਾਪਿਆਂ ਦੇ ਰਾਜ ਨਾਲੋਂ ਖਸਮਾਂ ਦੀ ਝੁਗੀ ਚੰਗੀ, ਜਿਥੇ ਕੋਈ ਦਿਲ ਲੈ ਵੀ ਸਕੇ, ਦਿਲ ਦੇ ਵੀ ਸਕੇ।" ਛੱਡ ਚਾਚੀ, ਇਸ ਦੰਦ ਕਥਾ ਨੂੰ, ਇਹ ਵੇਖ ਮੇਰਾ ਨਲੀ ਚੋਚੋ ਬਠਲ, ਇਹ ਮੇਰੇ ਹੀ ਨੇ...ਉਸ ਮੇਰੇ ਕਿਹਾ, ਪਰ ਉਸ ਦੇ ਮੂੰਹੋ ਮੇਰੇ ਬਚੇ ਨਾ ਨਿਕਲ ਸਕਿਆ।

ਕਿਸੇ ਨਿਆਣੇ ਦੇ ਰੋਣ ਨਾਲ, ਉਹ ਚਾਚੀ ਮੰਗਲਾ ਕੋਲੋਂ ਉਠ ਗਈ। ਪਰ ਵਾਰ ਵਾਰ ਉਸ ਦੇ ਮਨ ਵਿਚ ਖਿਆਲ ਆਉਂਦੇ "ਖਸਮਾਂ ਦੀਆਂ ਝੁਗੀਆਂ ਚੰਗੀਆਂ,



Namdhari Elibrary NamdhariElibrary@gmail.com

ਪੇਕਿਆ ਦੇ ਰਾਜ਼ ਨਾਲੋਂ, ਜਿਥੇ ਕੋਈ ਦਿਲ ਲੈ ਵੀ ਸਕੇ, ਦਿਲ ਦੇ ਵੀ ਸਕੇ।

ਸਾਰੀ ਰਾਤ ਉਸ ਨੂੰ ਨੀਂਦ ਨਾ ਆਈ। ਇਕ ਸੋਚ ਆਉਂਦੀ ਇਕ ਸੋਚ ਜਾਂਦੀ। ਕਦੇ ਧਿਆਨ ਕਿਸੇ ਪਾਸੇ। ਉਸ ਨੂੰ ਅੱਖਾਂ ਦੇ ਛਪਰ ਭਾਰੇ ਭਾਰੇ ਲਗਣ ਲਗ ਪਏ। ਤੇ ਰੋੜ ਰੜਕਦੇ ਜਾਪਦੇ। ਅਜ ਉਸ ਨੂੰ ਆਪਣੇ ਨਾਲ ਸੁਤਾ ਬਠਲ ਚੰਗਾ ਨਹੀਂ ਸੀ ਲਗਦਾ। ਸਾਰਾ ਮੰਜਾ ਬਠਲ ਨੇ ਮਲ ਰਖਿਆ ਸੀ। ਜੇ ਕਦੇ ਉਸ ਦੀ ਲਤ ਜਾਂ ਬਾਂਹ ਉਸਦੇ ਨਾਲ ਛੋਹ ਜਾਂਦੀ, ਉਸ ਨੂੰ ਸੂਈ ਚੁੰਭਦੀ ਸਹੀ ਹੁੰਦੀ। ਤੇ ਬਠਲ ਉਤੇ ਗੁਸਾ ਆ ਜਾਂਦਾ। "ਅੰਤਰਾਂ ਸਾਰਾ ਮੰਜਾ ਮਲ ਲੈਂਦਾ ਹੈ, ਸਾਉਣਾ ਕਿਸੇ ਆਪਣਾ ਸਿਰ ਵੇ। ਸਾਰਾ ਦਿਨ ਭਸੜ ਪਾਉਂਦਿਆਂ ਲੰਘ ਜਾਂਦਾ ਹੈ, ਤੇ ਰਾਤ ਨੂੰ ਦੋ ਘੜੀਆਂ ਇਹ ਨਹੀਂ ਚੈਨ ਲੈਣ ਦੇਂਦਾ।"

ਬਠਲ ਨੂੰ ਚੁਕ ਜ਼ਰਾ ਪਰ੍ਹੇ ਕੀਤਾ ਤਾਂ ਉਹ ਫਿਰ ਮੰਜੇ ਵਿਚਕਾਰ ਆ ਪਿਆ। ਇਹ ਤਕ ਉਸ ਨੂੰ ਗੁਸਾ ਵੀ ਆਇਆ ਤੇ ਹਾਸਾ ਵੀ। ਉਹ ਉਠ ਕੇ ਬੈਠ ਗਈ। ਉਸ ਨੂੰ ਆਪਣੇ ਅੰਦਰੋਂ ਕਾਹਲ ਪੈ ਰਹੀ ਸੀ ਤੇ ਚਾਹੁੰਦੀ ਸੀ ਬਾਹਰ ਨਿਕਲ ਜਾਵੇ, ਠੰਡੀ ਹਵਾ ਵਿਚ। ਉਸ ਦੇ ਕਾਲਜੇ ਵਿਚੋਂ ਸੜਨ ਜੁ ਉਠ ਰਹੀ ਸੀ।

ਫਿਰ ਉਸ ਦਾ ਧਿਆਨ ਨਾਲ ਦੇ ਕਮਰੇ ਵਲ ਜਾ ਪਿਆ। ਭਾਬੀਆਂ ਸੌਂ ਰਹੀਆਂ ਸਨ। ਬਚੇ ਸੌ ਰਹੇ ਸਨ। ਤੇ ਵਡੀ ਭਾਬੀ ਦੇ ਘੁਰਾੜਿਆਂ ਦੀ ਤਿਖੀ ਅਵਾਜ ਆ ਰਹੀ ਸੀ ਕੋਲ ਪਿਆ ਬਠਲ ਘੂਕ ਸੁਤਾ ਸੀ। ਸਾਰੇ ਪਾਸੇ ਚੁਪ ਵਰਤੀ ਸੀ। ਕਿਤੋਂ ਆਵਾਜ਼ ਨਹੀਂ ਸੀ ਆਉਂਦੀ। ਕਦੇ ਕਦੇ ਦੂਰੋਂ ਕਿਸੇ ਕੁਤੇ ਦੇ ਭੌਂਕਣ ਦੀ ਆਵਾਜ਼ ਆਉਂਦੀ। ਉਹ ਜਾਗਦੀ ਸੀ। ਉਸਦਾ ਅੰਗ ਅੰਗ ਜਾਗਦਾ ਸੀ। ਤੇ ਇੰਜ ਜਾਪ ਰਿਹਾ ਸੀ ਜਿਵੇਂ ਇਸ ਚੁਪ ਵਿਚ ਉਸਦਾ ਸਾਹ ਆਪਣੇ ਆਪ ਹੀ ਘੁਟਦਾ ਜਾ ਰਿਹਾ ਹੋਵੇ।

ਉਹ ਆਪਣੇ ਗੋਡਿਆਂ ਉਤੇ ਸਿਰ ਰਖ ਕੇ ਬੈਠੀ ਸੀ ਤੇ ਉਸ ਨੂੰ ਜਾਪ ਰਿਹਾ ਸੀ। ਏਡੇ ਵਡੇ ਪਰਵਾਰ ਵਿਚ ਰਹਿ ਕੇ ਵੀ ਉਹ ਇਕੱਲੀ ਹੈ। ਕੋਈ ਉਸ ਨੂੰ ਨਹੀਂ ਕਹਿੰਦਾ "ਤੂੰ ਸੌਂ ਜਾ, ਤੈਨੂੰ ਕੀ ਅਹੁਰ ਹੈ। ਤੇਰਾ ਸਿਰ ਘੁਟ ਦੇਵਾਂ, ਜੇ ਇਕਲੀ ਨੂੰ ਨੀਂਦ ਨਹੀਂ ਪੈਂਦੀ ਤਾਂ ਮੇਰੇ ਕੋਲ ਆ ਜਾ। ਲਿਆ ਆਪਣਾ ਹੱਥ ਫੜਾ...ਤੂੰ ਐਵੇਂ ਉਦਾਸ ਹੋ ਜਾਂਦੀ ਏਂ"।

ਕੁਕੜ ਨੇ ਬਾਂਗ ਦਿਤੀ, ਉਸ ਨੂੰ ਜਾਪਿਆ ਦਿਨ ਚੜ੍ਹ ਗਿਆ ਏ। ਉਹ ਇਨ੍ਹਾਂ ਭੈੜਿਆਂ ਖਿਆਲਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੀ ਸੀ। ਉਸ ਨੇ ਮੂੰਹ ਹਥ ਧੋ, ਰਿੜਕਣਾ ਪਾਇਆ। ਪਾਠ ਦੀ ਨਿੰਮ੍ਹੀ ਨਿੰਮ੍ਹੀ ਸੁਰ ਨਾਲ ਛਲਕਦੀ ਮਧਾਣੀ ਪੂਰਾ ਤਾਲ ਦੇ ਰਹੀ ਸੀ। ਤੇ ਮਨ ਵਿਚ ਠੰਡ ਠੰਡ ਭਾਸਣ ਲਗ ਪਈ। ਜਦ ਉਹ ਪੂਰੇ ਜ਼ੋਰ ਨਾਲ ਨੇਤਰੇ ਦੀਆਂ ਦੋਹਾਂ ਗੁਲੀਆਂ ਨੂੰ ਖਿਚਦੀ ਤਾਂ ਚਾਟੀ ਵਿਚੋਂ ਮਧਾਣੀ ਨਾਲ ਘੁਲਦੇ ਦੁਧ ਦੀ ਇੰਜ ਆਵਾਜ਼ ਆਉਂਦੀ, ਜਿਵੇਂ ਝਲਾਰ ਵਿਚ ਡਿਗਦਾ ਪਾਣੀ।

ਅਜ ਉਸ ਨੂੰ ਦੁਧ ਰਿੜਕਨ ਦਾ ਸਵਾਦ ਆ ਰਿਹਾ ਸੀ। ਇਸ ਸਵਾਦ ਨਾਲ ਕਈ ਵਾਰੀ ਉਸ ਨੂੰ ਖਿਆਲ ਆਉਂਦਾ ਬੇਧਿਆਨਿਆ ਕਿਤੇ ਚਾਟੀ ਨਾ ਟੁੱਟ ਜਾਏ। ਉਹ ਕਿਤੇ ਜ਼ੋਰ ਨਾਲ ਦੁਧ ਰਿੜਕ ਰਹੀ ਏ। ਇਸ ਨਾਲ ਉਸ ਨੂੰ ਆਪਣੀਆਂ ਬਾਹਵਾਂ ਦਾ ਮਾਸ ਕਸਿਆ ਕਸਿਆ ਲਗਦਾ ਤੇ ਹਥਾਂ ਵਿਚ ਨੇਤਰੇ ਦੀਆਂ ਫੜੀਆਂ ਗੁਲੀਆਂ ਦੀ ਕੱਸ ਹੋਰ ਪੀਡੀ ਹੁੰਦੀ ਜਾਪਦੀ...

ਕਿਤੇ ਇਨ੍ਹਾਂ ਖਿਆਲਾਂ ਵਿਚ ਉਹ ਪਾਠ ਨਾ ਭੁਲ ਜਾਵੇ, ਕਈ ਵਾਰੀ ਉਸ ਨੂੰ ਇਹ ਖਿਆਲ ਆਉਂਦਾ। ਪਾਠ ਦੀ ਇਕ ਤੁੱਕ ਖੁੰਝੀ ਪਾਪ ਹੁੰਦਾ ਏ। ਹੁਣ ਉਹ ਰਿੜਕਣੇ ਦੇ ਨਾਲ ਪੂਰੇ ਧਿਆਨ ਨਾਲ ਪਾਠ ਕਰ ਰਹੀ ਸੀ। ਉਸਦਾ ਮਨ ਮਸਤੀ ਨਾਲ ਭਰਿਆ ਪਿਆ ਸੀ। ਪਰ ਜਦ ਇਹ ਤੁਕ ਆਈ...

ਮੋਹਿ ਰੈਣਿ ਨਾ ਵਿਹਾਵੈ, ਨੀਦ ਨਾ ਆਵੈ...

ਤਾਂ ਉਸ ਹੱਥੋਂ ਮਧਾਣੀ ਦੀ ਇਕ ਗੁਲੀ ਛੁਟ ਗਈ। ਉਸਦੇ ਡਕੇ ਹੋਏ ਮਨ ਦਾ ਕੜ ਟੁਟ ਗਿਆ। ਅਖਾਂ ਵਿਚੋਂ ਅਥਰੂ ਛਲਕ ਆਏ, ਤੇ ਉਸ ਨੇ ਫਿਰ ਇਕਾਵਾਰੀ ਏਸੇ ਹੀ ਤੁਕ ਨੂੰ ਦੁਹਰਾਇਆ।

ਮੋਹਿ ਰੈਣਿ ਨਾ ਵਿਹਾਵੈ, ਨੀਦ ਨਾ ਆਵੈ...

ਏਨੇ ਵਿਚ ਸਾਹਮਣਾ ਭੀੜਿਆ ਬੂਹਾ ਹਵਾ ਨੇ ਖੋਲ ਦਿਤਾ। ਚੰਨ ਦੀ ਚਾਨਣੀ ਨਾਲ ਠੰਡੀ ਹਵਾ ਅੰਦਰ ਆ ਵੜੀ ਚਾਨਣੀ ਵਿਚ ਉਸ ਨੂੰ ਆਪਣੀ ਲਿਸ਼ਕਦੀ ਚਾਟੀ,



Namdhari Elibrary NamdhariElibrary@gmail.com

ਭਾਬੀ ਦੇ ਪੇਕਿਆਂ ਤੋਂ ਆਈ ਰੰਗੀਨ ਮਧਾਣੀ ·ਤੇ ਨੇਤਰੇ ਦੀਆਂ ਗੁਲੀਆਂ ਨਾਲ ਆਪਣੀਆਂ ਗੁਤੀਆਂ ਬਾਹਵਾਂ ਏਡੀਆਂ ਪਿਆਰੀਆ ਲਗੀਆਂ ਕਿ ਉਸ ਨੇ ਚਾਟੀ ਦੇ ਗਲ ਨੂੰ ਕਲਾਵਾ ਮਾਰ ਲਿਆ । ਉਸ ਨੂੰ ਠੰਡ ਜਿਹੀ ਪੈ ਗਈ ਤੇ ਸੋਚਨ ਲੱਗ ਪਈ "ਕਮਲਿਆ, ਕਦੀ ਤੇਰਾ ਸੁਖ ਸੁਨੇਹਾ ਨਹੀਂ ਆਇਆ । ਤੂੰ ਤੇ ਅਜਿਹਾ ਛਪਣ ਹੋਇਆ ਏਂ, ਉਘ ਸੁਘ ਨਹੀਂ ਲਗੀ । ਇਕ ਸਾਤਾ ਵੀ ਨਾ ਮੇਰੇ ਕੋਲ ਰਿਹੋਂ । ਤੇਰਾ ਦੁਧ ਵਰਗਾ ਮੂੰਹ ਮੈਨੂੰ ਅਜੇ ਵੀ ਯਾਦ ਏ । ਤੂੰ ਮੈਨੂੰ ਕਈ ਵਾਰ ਕਿਹਾ ਸੀ, ਤਾਰੀਏ ਸਹੁੰ ਗੁਰੂ ਦੀ ਤੂੰ ਮੇਰਾ ਕਾਲਜਾ ਕਢ ਲਿਆ ਏ । ਤੂੰ ਦੀਵੇ ਦੀ ਲੋਅ ਵਿਚ ਮੇਰਾ ਮੂੰਹ ਕਿਨੀ ਵਾਰੀ ਪਿਛਾਹ ਹਟ ਹਟ ਵੇਖਿਆ : ਮੈਂ ਲੀੜਾ ਸਾਂਭ ਸਾਂਭ ਸਿਰ ਉਤੇ ਰਖਦੀ ਤੂ ਝਟ ਖਿਚ ਦੇਂਦਾ ।... ਚੰਦਰਿਆ ਤੂੰ ਇਹ ਕੀ ਕੀਤਾ, ਮੇਰੇ ਗਹਿਣਿਆ ਦੀ ਪਟਾਰੀ ਚੁਕ ਸਰਘੀ ਵੇਲੇ ਚੋਰਾਂ ਵਾਂਗ ਨਸ ਗਿਓਂ, ਤੇ ਫਿਰ ਕਦੇ ਮੂੰਹ ਨਾ ਵਖਾਇਆ ਇਸ ਨਾਲੋਂ ਚੰਗਾ ਹੁੰਦਾ ਤੂ ਮੈਨੂੰ ਮਾਰ ਜਾਦੋਂ । ਮੈਂ ਤੇਰੀ ਚੁਗਲੀ ਨਾ ਸੁਣ ਸਕਦੀ ।...ਸਹੁਰੇ ਪੇਕੇ ਤੇਰੀ ਨ੍ਖੇਧੀ ਕਰਦੇ ਨੇ, ਜਵਾਰੀਆ ਵੈਲੀ; ਪਰ ਤੂੰ ਮੈਨੂੰ ਸੋਨੇ ਵਰਗਾ ਸੁਚਾ ਲਗੋਂ ਕੀ ਹੋਇਆ ਜੇ ਤੂੰ ਗਹਿਣੇ ਹਾਰ ਦਿਤੇ । ਲੋਕਾਂ ਤੀਵੀਆਂ ਹਾਰ ਘਰ ਨਾ ਛਡੇ, ਪਰ ਗਹਿਣਿਆਂ ਦੀ ਨਮੋਸ਼ੀ ਪਿਛੇ ਆਪਣੀ ਤੀਵੀਂ ਛਡ ਗਿਓਂ । ਤੇ ਸੁਣਿਆਂ ਤੂੰ ਏਸ ਹੀ ਹੇਰਵੇ ਵਿਚ ਫਕੀਰ ਹੋ ਗਿਆਂ ਏ ਤੇ ਹਟੀ ਹਟੀ ਪੈਸਾ ਪੈਸਾ ਮੰਗਦਾ ਫਿਰਦਾ ਏਂ । ਚੰਦਰਿਆ ਮਰਦ ਹੋ ਕੇ ਤੀਵੀਆਂ ਨਾਲੋਂ ਭਰਾਂਦ ਨਿਕਲਿਆਂ ਏਂ ।...ਕੀ ਹੋਇਆ ਤੂੰ ਸਭ ਕੁਝ ਹਾਰ ਦਿਤਾ । ਤੂੰ ਏਥੇ ਹੁੰਦੋਂ ਮੈਂ ਤੇਰੇ ਨਾਲ ਰਲਕੇ ਮਜਦੂਰੀ ਕਰਦੀ । ਪੈਲੀ ਪੈਲੀ ਭੁਜ ਸਿਟੇ ਚੁਣ ਆਪਣੀ ਝੋਲੀ ਭਰ ਲੈਂਦੀ । ਜੇ ਤੂੰ ਇਕ ਵਾਰੀ ਵੀ ਆਖਦੋਂ, ਤਾਰੀਏ ਤੂੰ ਲੋਕਾਂ ਦੀ ਮਜ਼ੂਰੀ ਕਰ ਲਿੱਸੀ ਹੋ ਗਈ ਏ, ਤਾਂ ਮੇਰਾ ਦਿਲ ਤੇਥੋਂ ਵਾਰਨੇ ਜਾਂਦਾ ਮੇਰੇ ਵੀ ਬਚੇ ਹੁੰਦੇ । ਮੇਰਾ ਵੀ ਲੱਕ ਭਾਬੀ ਵਰਗਾ ਹੋ ਜਾਂਦਾ । ਮੈਨੂੰ ਕਦੇ ਵੀਰਾ ਲੈਣ ਆਉਂਦਾ ਕਦੇ ਤੂੰ । ਮੈਂ ਤੇਰੇ ਨਾਲ ਰੁਸਦੀ, ਤੇਰੀ ਮਾਂ ਨਾਲ, ਤੇਰੇ ਬਾਪੂ ਨਾਲ । ਉਹ ਮੈਨੂੰ ਕੁਲਹਿਣੇ ਘਰ ਦੀ ਆਖਦੇ, ਤੇ ਮੈਂ ਤੇਰੇ ਐਬ ਉਹਨਾਂ ਸਾਹਮਣੇ ਚਤਾਰਦੀ ।

ਉਹ ਚੰਨ ਵਲ ਵੇਖਦੀ ਰਹੀ ਵੇਖਦੀ ਰਹੀ : ਨੇਤਰੇ ਦੀ ਇਕ ਗੁਲੀ ਉਵੇਂ ਹੀ ਹੱਥ ਵਿਚ ਫੜੀ ਸੀ । ਅਖਾਂ ਉਸ ਦੀਆਂ ਡੁਬ ਡੁਬ ਵਗ ਰਹੀਆਂ ਸਨ ਤੇ ਉਸ ਨੂੰ ਆਪਣੇ ਆਪ ਦਾ ·ਉਸ ਵੇਲੇ ਅਹਿਸਾਸ ਹੋਇਆ, ਜਦ ਉਸ ਦੀ ਭਾਬੀ ਨੇ ਨਾਲ ਦੇ ਕਮਰੇ ਵਿਚੋਂ ਆਵਾਜ਼ ਦਿਤੀ. "ਬੀਬੀ ਅਜ ਸਾਜਰੇ ਰਿੜਕਣਾ ਪਾ ਦਿਤਾ ਈ । ਜਾਪਦਾ ਏ, ਤੈਨੂੰ ਨੀਂਦ ਨਹੀਂ ਪਈ । ਸੌਂ ਰਹੁ ਮੇਰੀ ਬੀਬੀ ਰਾਣੀ, ਮੈਂ ਆਪੇ ਸਾਰਾ ਕੰਮ ਕਰ ਲਊ......

ਅਗੋਂ ਉਹ ਕੁਝ ਨਾ ਬੋਲੀ । ਪਰ ਭਾਬੀ ਦੇ ਬੋਲਾਂ ਵਿਚ ਤਰਸ ਸੀ. ਹਉਕੇ ਸਨ, ਤੇ ਇੰਜ ਜਾਪਦਾ ਸੀ ਜਿਵੇਂ ਭਾਬੀ ਉਸ ਦੇ ਦੁਖ ਤੋਂ ਜਾਣੂ ਸੀ । ਉਹ ਬੇਵਸ ਹੋਈ ਸੋਚ ਰਹੀ ਸੀ "ਤਾਰੋ ਨੇ ਆਪਣਾ ਆਪ ਸਾੜ ਲਿਆ ਹੈ । ਮੈਂ ਕਿਥੋਂ ਲਿਆਵਾਂ ਸੋਹਣ ਨੂੰ ਢੂੰਡ ਕੇ । ਭਰਾਵਾਂ ਕੋਈ ਥੱਨਾਂ ਨਹੀਂ ਛਡਿਆ । ਕੋਈ ਸ਼ਹਿਰ ਨਹੀਂ ਛਡਿਆ, ਉਸ ਨੂੰ ਲਭਣ ਲਈ । ਤਾਰੋ ਤੇਰੇ ਸਾੜ ਨੇ ਮੇਰੀਆਂ ਆਂਦਰਾਂ ਲੂਹ ਦਿਤੀਆਂ ਨੇ ਮੈਂ ਤੇਰੀ ਭਾਬੀ ਸਹੀ ਪਰ ਤੂੰ ਮੇਰੀ ਧੀ ਏ, ਮੇਰੇ ਥਣਲ ਦੀ ਭੈਣ । ਅੜੀਏ ਮੈਂ ਆਪਣੇ ਬਠਲ ਨੂੰ ਬਲੀ ਚੜਾਂ ਦਿਆ ਜੇ ਤੇਰਾ ਦੁਖ ਕਟਿਆ ਜਾਏ, ਜੇ ਇਕ ਵਾਰੀ ਮੋਹਣ ਲਭ ਪਵੇ ।" "ਉਧਰ ਬੁਕਲ ਵਿਚ ਭਾਬੀ ਰੋ ਰਹੀ ਸੀ ਇਧਰ ਤਾਰੋ ਤੇ ਇੰਜ ਜਪਦਾ ਸੀ ਜਿਵੇਂ ਸਰਘੀ ਦੇ ਚੰਦਰਮਾ ਨੂੰ ਇਨ੍ਹਾਂ ਨਨਾਣ ਭਰਜਾਈ ਦਿਆਂ ਅਥਰੂਆਂ ਨੇ ਹੋਰ ਠੰਡਾ ਕਰ ਦਿਤਾ ਹੈ ।

ਤਾਰੋ ਦੇ ਅਥਰੂ ਆਪਣੇ ਆਪ ਹੀ ਥੰਮ ਗਏ । ਤੇ ਉਸ ਦਾ ਧਿਆਨ ਵਿਹੜੇ ਵਿਚ ਲਗੀ ਬੇਰੀ ਵਲ ਜਾ ਪਿਆ, ਜਿਸ ਦੀਆਂ ਲੰਮੀਆਂ ਟਾਹਣੀਆਂ ਬੇਰਾਂ ਨਾਲ ਝੁਕੀਆਂ ਹੋਈਆ ਸਨ । ਤੇ ਚੰਨ ਦੀ ਕੋਈ ਕੋਈ ਰਿਸ਼ਮ, ਪਤਿਆਂ ਵਿਚੋਂ ਲੰਘ ਧਰਤੀ ਤੇ ਪੈ ਰਹੀ ਸੀ । ਉਹ ਸੋਚਦੀ ਟਾਹ-ਣੀਆਂ ਨਿਉਂ ਜਾਂਦੀਆਂ ਨੇ, ਬੇਰੀ ਵੀ ਕਿਸੇ ਦੀ ਉਡੀਕ ਕਰਦੀ ਏ । ਕੋਈ ਆਵੇ ਤੇ ਬੇਰ ਚਖੇ । ਜ਼ਿੰਦਗੀ ਨੇ ਆਖਰ ਮੁਕਣਾ ਹੈ ।

ਚਾਹੇ ਕੋਈ ਤੋੜੇ ਜਾਂ ਨਾ । ਪਰ ਕਿਸੇ ਹਥੋਂ ਮਰ ਜਾਣ ਵਿਚ ਕਿੰਨਾ ਸਵਾਦ ਹੈ । ਉਹ ਅਜਿਹੀਆਂ ਗਲਾਂ ਪਤਾ ਨਹੀਂ ਕਦ ਤਕ ਸੋਚਦੀ ਰਹੀ, ਤੇ ਸਮਝ ਨਹੀਂ ਸੀ ਆਉਂਦੀ, ਇਨ੍ਹਾਂ ਖਿਆਲਾਂ ਤੋਂ ਕਿਵੇਂ ਪਿਛਾ ਛੁਡਾਵੇ ।



Namdhari Elibrary NamdhariElibrary@gmail.com

ਦੁਪਹਿਰ ਵੇਲੇ ਉਹ ਪੁਸਤਕਾਂ ਪੜ੍ਹਦੀ ਤਾਂ ਸੁਣਨ ਵਾਲੀਆਂ ਕਈ ਗੁਆਂਢਣਾਂ ਆ ਜੁੜਦੀਆਂ। ਚਾਚੀ ਮੰਗਲਾਂ ਅਕਸਰ ਉਸਦੇ ਨੇੜੇ ਹੋ ਕੇ ਬੈਠਦੀ। ਉਸ ਨੂੰ ਪੱਖਾ ਝਲਦੀ, ਉਸ ਦੇ ਮੂੰਹ ਵਲੋਂ ਤਕਦੀ ਰਹਿੰਦੀ ਤੇ ਉਸ ਨੂੰ ਤਾਰੋ ਦੇ ਮੂੰਹ ਉਤੇ ਸਰਸਵਤੀ ਬੈਠੀ ਜਾਪਦੀ।

ਰਾਣਾ ਸੂਰਤ ਸਿੰਘ ਦੀ ਕਥਾ, ਪੜ੍ਹ ਤਾਰੋ ਕਮਲੀ ਹੋ ਹੋ ਜਾਂਦੀ। ਉਸ ਦੀਆਂ ਅਖਾਂ ਡੁਲ ਡੁਲ ਪੈਂਦੀਆਂ। ਉਹ ਕੱਥਾ ਕਰਦੀ ਉਸ ਦੇ ਅਥਰੂ ਵਗਦੇ, ਉਹ ਸਾਖੀਆਂ ਸੁਣਾਉਂਦੀ ਉਸ ਦੇ ਅਥਰੂ ਵਗਦੇ ਤੇ ਜਾਪਦਾ ਇਹ ਅਥਰੂ ਤਾਰੋ ਦੀ ਕਹਾਣੀ ਸੁਨਾ ਰਹੇ ਨੇ। ਰਾਣਾ ਸੂਰਤ ਸਿੰਘ ਪੜ੍ਹਦੀ ਨੂੰ ਜਾਪਦਾ ਉਹ ਵੀ ਰਾਜ ਕੌਰ ਵਾਂਗ ਆਪਣੇ ਰਾਣੇ ਦੀ ਖੋਜ ਵਿਚ ਉਤਾਂਹ ਦੀ ਉਤਾਂਹ ਉਡਦੀ ਜਾ ਰਹੀ ਹੈ। ਤੇ ਉਸ ਨੂੰ ਪਤਾ ਨਹੀਂ ਸੀ ਲਗਦਾ ਕਿ ਇਸ ਉਡਾਰੀ ਦਾ ਅੰਤ ਵੀ ਹੈ ਕਿ ਨਹੀਂ। ਉਹ ਪੜ੍ਹ ਰਹੀ ਸੀ।

ਜਿਸੁ ਪਿਆਰੇ ਸਿਉ ਨੇਹੁ,
ਤਿਸੁ ਆਗੈ ਮਰਿ ਚਲੀਐ।
ਧ੍ਰਿਗੁ ਜੀਵਣੁ ਸੰਸਾਰਿ,
ਤਾ ਕੈ ਪਾਛੈ ਜੀਵਣਾ।

ਜਦ ਉਹ ਇਸ ਤੁੱਕ ਨੂੰ ਪੜ੍ਹਦੀ ਉਸਦੇ ਦਿਲ ਨੂੰ ਘੇਰਨੀਆਂ ਪੈਂਦੀਆਂ। ਉਸ ਦਾ ਮੂੰਹ ਰੋ ਰੋ ਲਾਲ ਹੋ ਜਾਂਦਾ। ਉਸ ਨੂੰ ਇਸ ਤਰ੍ਹਾਂ ਵੈਰਾਗਣ ਹੋਈ ਤਕ, ਚਾਚੀ ਮੰਗਲਾਂ ਦੇ ਅਥਰੂ ਵਗਣੋਂ ਨਾ ਰਹਿੰਦੇ। ਤੇ ਕੋਲ ਬੈਠੀਆਂ ਹੋਰ ਇਸਤ੍ਰੀਆਂ ਰੋ ਰੋ ਪੈਂਦੀਆਂ ਤਾਰੋ ਦੀ ਜ਼ਬਾਨ ਵਿਚ ਤਾਸੀਰ ਸੀ, ਇਕ ਪੀੜ ਸੀ। ਤੇ ਉਸਦੀ ਇਹ ਪੀੜ ਸਭ ਦੀ ਸਾਂਝੀ ਬਣ ਗਈ ਸੀ। ਉਹ ਪਿੰਡ ਦੀ ਧੀ ਜੁ ਸੀ, ਸਾਰੇ ਪਿੰਡ ਦੀ।

ਇਕ ਦਿਨ ਭੋਗ ਪੈਣ ਤੇ ਵਡੀ ਭਾਬੀ ਨੇ ਚਾਚੀ ਮੰਗਲਾ ਅਗੇ ਹੱਥ ਜੋੜ ਕਿਹਾ "ਚਾਚੀ ਰਬ ਦਾ ਵਾਸਤਾ ਈ, ਬੇਅੰਤ ਨੂੰ ਕਹਿ ਬੀਬੀ ਨੂੰ ਅਜਿਹੀਆਂ ਕਿਤਾਬਾਂ ਨਾ ਦਿਆ ਕਰੇ। ਉਹ ਤਾਂ ਪਹਿਲਾਂ ਹੀ ਕਮਲੀ ਹੋਈ ਫਿਰਦੀ ਏ। ਸਾਨੂੰ ਥੋੜਾ ਦੁਖ ਏ ਜਿਨ੍ਹਾਂ ਦੀ ਕੋਲੇ ਜਿਡੀ ਧੀ ਬੂਹੇ ਬਹਿ ਗਈ ਏ।"

... "ਪੁਤ ਤੂੰ ਬੇਅੰਤ ਨੂੰ ਨਹੀਂ ਜਾਣਦੀ, ਤਾਰੀ ਦਾ ਦੁਖ ਜਿਨ੍ਹਾਂ ਬੇਅੰਤ ਨੂੰ ਏ, ਸ਼ੈਤ ਕਿਸੇ ਹੋਰ ਨੂੰ ਹੋਵੇ। ਉਹ ਸਾਰੀ ਸਾਰੀ ਰਾਤ ਤਾਰੀ ਦੀਆਂ ਗਲਾਂ ਕਰਦਾ ਰਹਿੰਦਾ ਏ। ਆਖਦਾ ਏ, ਅਣਖ ਵਾਲੀ ਕੁੜੀ ਕਸਾਈਆਂ ਨੇ ਮਾਰ ਘਤੀ ਏ, ਉਸਦਾ ਵਸ ਨਹੀਂਉ ਚਲਦਾ, ਨਹੀ ਤਾਂ ਉਹ ਰਾਣੀ ਬਣਾ ਦੇਵੇ"।

ਬੇਰੀ ਦੇ ਬੇਰ ਕਈ ਵਾਰ ਮੁੱਕੇ, ਕਈ ਵਾਰ ਲਗੇ ਤੇ ਇਨ੍ਹਾਂ ਹੀ ਗੇੜਾਂ ਵਿਚ ਬਠਲ ਉਚਾ ਹੋ ਗਿਆ। ਗੰਜੀ ਦੇ ਸਾਕ ਦੀਆਂ ਗਲਾਂ ਹੋਣ ਲਗ ਪਈਆਂ। ਤਾਰੋ ਬੀਬੀ ਤੋਂ ਭੂਆ ਤੇ ਭੂਆ ਤੋਂ ਦੇਵੀ ਬੀਬੀ ਬਣ ਗਈ। ਸਾਰਾ ਪਿੰਡ ਦੇਵੀ ਬੀਬੀ ਨੂੰ ਪੂਜਦਾ। ਇਕ ਤਾਂ ਉਂਜ ਹੀ ਉਸ ਦੇ ਰੂਪ ਦੀ ਤਾਬ ਨਹੀਂ ਸੀ ਝਲੀ ਜਾਂਦੀ, ਦੂਜਾ ਅਸ਼ਟਮੀ ਵਾਲੇ ਦਿਨ ਗੁਲਾਬੀ ਬਾਣਾ ਪਾ ਲੈਂਦੀ ਤਾਂ ਇਜ ਜਾਪਦਾ ਜਿਵੇਂ ਸਚ ਮੁਚ ਪਹਾੜਾਂ ਉਤੋਂ ਦੇਵੀ ਉਤਰ ਆਈ ਹੈ।

ਅਸ਼ਟਮੀ ਵਾਲੇ ਦਿਨ ਉਹ ਸਰਘੀ ਵੇਲੇ ਆਪਣੇ ਨਿੱਕੇ ਜਿਹੇ ਮੰਦਰ ਵਿਚ ਜੋਤ ਜਗਾ ਬੈਠਦੀ। ਉਸ ਦੀ ਸਮਾਧੀ ਲਗ ਜਾਂਦੀ। ਧੂਫ, ਸਮਗਰੀਆਂ ਧੁਖਾਏ ਜਾਂਦੇ। ਢੋਲਕੀਆਂ, ਮਰਦੰਗਾਂ ਛੈਣੇ, ਖੜਤਾਲਾਂ ਵਜਦੀਆਂ ਤਾਂ ਦੇਵੀ ਬੀਬੀ ਨੂੰ ਪੌਣਾਂ ਆਉਂਣੀਆਂ ਸ਼ੁਰੂ ਹੋ ਜਾਦੀਆਂ। ਉਹ ਚੌਂਕੀ ਦੇਂਦੀ। ਜੋ ਉਸ ਦੇ ਮੂੰਹ ਵਿਚੋਂ ਨਿਕਲਦਾ ਸੱਚ ਹੋ ਜਾਂਦਾ। ਉਸਦੇ ਸਜਰੇ ਧੋਤੇ ਕੇਸ ਚੌਂਕੀ ਦੇਂਦਿਆ ਖੁਲ ਜਾਂਦੇ। ਤੇ ਦਰਸ਼ਨ ਅਭਲਾਖੀਆਂ ਦੀ ਉਹ ਭੀੜ ਹੁੰਦੀ ਅੰਦਰ ਜਾਣਾ ਮੁਸ਼ਕਲ ਹੋ ਜਾਂਦਾ।

"ਦੇਵੀ ਬੀਬੀ ਅਵਤਾਰ ਏ, ਉਸ ਦੇ ਮੂੰਹ ਜੋ ਕੁਝ ਨਿਕਲਦਾ ਹੈ ਉਹ ਸਚ ਹੋ ਜਾਂਦਾ ਹੈ। ਭਗਵਤੀ ਦਾ ਬਾਣਾ ਐਵੇਂ ਨਹੀਂ ਪਾਇਆ ਜਾਂਦਾ। ਜਦ ਪੌਣਾਂ ਆਉਂਦੀਆਂ ਨੇ ਤਾਂ ਦੇਵੀ ਬੀਬੀ ਕਿਸੇ ਕੋਲੋਂ ਸੰਭਾਲੀ ਨਹੀਂ ਜਾਂਦੀ। ਉਸ ਦਾ ਤੇਜ ਝਲਿਆ ਨਹੀਂ ਜਾਂਦਾ ਜੋਤਾਂ ਨਾਲ ਉਸ ਦੇ ਕੇਸ ਖਹਿ ਖਹਿ ਜਾਂਦੇ ਨੇ, ਮਜਾਲ ਏ ਜੋ ਸੇਕ ਲਗੇ। ਹੇ ਮੇਰੇ ਪਰਮਾਤਮਾਂ ਤੂੰ ਧਨ ਏਂ, ਜਿਸ ਨੇ ਬੀਬੀ ਨੂੰ ਏਨਾ ਬਲ ਲਖਸ਼ਿਆ ਏ" ਲੋਕੀ ਮੂੰਹ ਜੋੜ ਜੋੜ ਗਲਾਂ ਕਰਦੇ।

ਦਰਸ਼ਨ ਅਭਲਾਖੀ, ਦੂਰ ਦੂਰ ਤੋਂ ਆਉਂਦੇ ਪਰ ਉਹ ਕਿਸੇ ਵਲ ਧਿਆਨ ਨਾ ਕਰਦੀ। ਕਿਸੇ ਦੀ ਚੜ੍ਹਾਈ ਭੇਟ ਵਲ ਨਾ ਤੱਕਦੀ। ਉਹ ਤੇ ਗ਼ਰੀਬ ਅਮੀਰ ਸਭ ਦੀ ਸਾਂਝੀ ਸੀ। ਸਭ ਦੇ ਦੁਖ ਹਰਨ ਵਾਲੀ। ਜਦ ਉਸਦੀਆਂ



Namdhari Elibrary NamdhariElibrary@gmail.com

ਲਮੀਆਂ ਪੱਲਕਾਂ ਨਾਲ ਢਕੀਆਂ ਮੋਟੀਆਂ ਅਖਾਂ ਖੁਲਦੀਆਂ ਤਾਂ ਪਾਪੀਆਂ ਦੇ ਪਾਪ ਕੰਬ ਜਾਂਦੇ।...ਭੰਡੇ ਸੁਨਿਆਰੇ ਨੇ ਆਪ ਮੁਆਫੀ ਮੰਗ ਤਾਬੋਂ ਅਰਾਇਣ ਦਾ ਸਾਰਾ ਗਹਿਣਾ ਮੋੜ ਦਿਤਾ ਸੀ। ਆਖਦੇ ਨੇ ਭੰਡੇ ਨੂੰ ਆਪ ਦੇਵੀ ਬੀਬੀ ਨੇ ਦਰਸ਼ਨ ਦਿਤੇ ਸਨ। ਭੰਡੇ ਨੇ ਆਪ ਦਸਿਆ ਸੀ ਕਿ ਬੀਬੀ ਨੂੰ ਉਸ ਸ਼ੇਰ ਉਤੇ ਚੜ੍ਹਿਆ ਤਕਿਆ ਸੀ।...ਭੰਡਿਆ ਮੇਰਾ ਸ਼ੇਰ ਤੇ ੀ ਬੋਟੀ ਬੋਟੀ ਕਰ ਦੇਵੇਗਾ ਜੇ ਤੂੰ ਤਾਬੇ ਦਾ ਗਹਿਣਾ ਨਾ ਮੋੜਿਆ"।

ਬੀਬੀ ਸਭ ਦੀ ਸਾਂਝੀ ਹੈ। ਆਵੇ ਤੇ ਮੁਰਾਦਾਂ ਪਾਵੇ।

ਇਹ ਮੰਗਲਵਾਰੀ ਅਸ਼ਟਮੀ ਸੀ ਅੰਦਰ, ਲੰਘਣ ਨੂੰ ਥਾਂ ਨਹੀਂ ਸੀ ਲਭਦੀ। ਸੁੰਦਰ ਭਗਤ ਦੇ ਪੁਤਰ ਵੈਸ਼ਨੋ ਨੇ ਮਰਦੰਗ ਵਜਾ, ਵੈਰਾਗ ਦੀਆਂ ਉਹ ਭੇਟਾਂ ਪੜ੍ਹੀਆਂ ਕਿ ਦੇਵੀ ਬੀਬੀ ਮੂਰਛਤ ਹੋ ਹੋ ਪਈ। ਪਸੀਨੇ ਨਾਲ ਭਿਜੇ ਵਸਤਰ ਉਸ ਦੇ ਅੰਗਾਂ ਨਾਲ ਚੰਬੜ ਗਏ। ਉਸ ਦੇ ਭਰਵੇਂ ਅੰਗਾਂ ਦੀ ਲਿਸ਼ਕ ਕਪੜਿਆਂ ਨੂੰ ਪਾੜ ਪਾੜ ਨਿਕਲਦੀ। ਬੀਬੀ ਦੇ ਕੇਸ ਕਈ ਵਾਰੀ ਮਰਦੰਗ ਵਜਾਉਂਦੇ ਹਥਾਂ ਨੂੰ ਜਾ ਛੋਹਦੇ ਤਾਂ ਵੈਸ਼ਨੋ ਦੀ ਤਾਲ ਉਖੜ ਜਾਂਦੀ। ਬੀਬੀ ਦਾ ਅਨਾਰ ਵਰਗਾ ਚਿਹਰਾ ਕਾਲੇ ਕੇਸਾਂ ਥਲਿਓਂ ਇਸ ਤਰ੍ਹਾਂ ਚਮਕਦਾ ਜਿਵੇਂ ਕਾਲੇ ਪਹਾੜ ਪਿਛੋਂ ਉਗਏ ਸੂਰਜ ਦੀ ਟਿਕੀ।

ਵੈਸ਼ਨੋ ਅਜ ਰਾਤ ਬੇਸੁਧ ਹੋਇਆ ਪਿਆ ਸੀ। ਤੇ ਉਹ ਜਾਣਦਾ ਸੀ, ਕਿ ਪਿਛਲੀ ਅਸ਼ਟਮੀ 'ਤੇ ਦੇਵੀ ਬੀਬੀ ਨੇ ਉਸ ਨੂੰ ਕਿਹਾ "ਭਗਤਾ ਤੂੰ ਧਨ ਹੈ, ਤੇਰੀ ਮਰਦੰਗ ਨੇ ਸਾਨੂੰ ਮੋਹ ਲਿਆ ਹੈ।

ਅਗਲੀ ਅਸ਼ਟਮੀ ਤੋਂ ਬਾਦ ਦੇਵੀ ਬੀਬੀ ਨੇ ਵੈਸ਼ਨੋ ਨਾਲ ਹਰੀਦਵਾਰ ਜਾਣਾ ਸੀ। ਤੇ ਦੇਵੀ ਦੀਆਂ ਮਿਹਰਾਂ ਇਸ ਵੀਹਾਂ ਵਰ੍ਹਿਆ ਦੇ ਮੁੰਡੇ ਉਤੇ ਹੋ ਰਹੀਆਂ ਸਨ। ਉਸ ਦਾ ਜਨਮ ਸਫਲਾ ਹੋ ਰਿਹਾ ਸੀ। ਸਾਰੇ ਵੈਸ਼ਨੋ ਨੂੰ ਬੜੀ ਪਰਸੰਨਾ ਨਾਲ ਤਕਦੇ ਤੇ ਉਸ ਦੇ ਕਰਮਾਂ ਨੂੰ ਸਲਾਹੁੰਦੇ। ਦੇਵੀ ਬੀਬੀ ਕਈ ਵਾਰ ਉਸ ਦੇ ਸਿਰ ਨੂੰ ਚੁੰਮਦੀ, ਉਸ ਨੂੰ ਆਪਣੇ ਨਾਲ ਲਾਉਂਦੀ। ਤੇ ਆਖਦੀ ਭਗਤਾ ਤੇਰਾ ਸਾਡਾ ਇਕ ਰੂਪ ਹੋ ਗਿਆ ਹੈ। ਅਗਲੇ •ਵੀਰਵਾਰ ਤੇਰੇ ਨਾਲ ਹਰੀਦਵਾਰ ਚਲਾਂਗੇ...

ਅਸ਼ਟਮੀ ਦਾ ਮੇਲਾ ਲੰਘ ਗਿਆ, ਉਸ ਤੋਂ ਅਗਲਾ ਦਿਨ ਵੀ ਮੁੱਕ ਗਿਆ, ਪਰ ਵਿਚਲੀ ਰਾਤ ਦੇਵੀ ਜੀ ਦੀ ਲੰਘਣ ਵਿਚ ਨਾ ਆਉਂਦੀ। ਉਸ ਸਾਹਵੇਂ ਹਰ ਵੇਲੇ ਵੈਸ਼ਨੋ ਖਲੋਤਾ ਰਹਿੰਦਾ। ਤੇ ਬੀਬੀ ਨੂੰ ਕਈ ਵਾਰ ਆਪਣੇ ਅੰਗ ਟੁੱਟਦੇ ਜਾਪਦੇ। ਉਸਦਾ ਜਿਸਮ ਤਿੜਕ ਚਲਿਆ ਹੈ।

ਦੇਵੀ ਬੀਬੀ ਨੇ ਤਿੰਨ ਵਜੇ ਉਠਕੇ ਅਸ਼ਨਾਨ ਕੀਤਾ। ਜੋਤ ਜਗਾਈ ਤੇ ਆਪਣੇ ਆਸਣ ਤੇ ਸਮਾਧੀ ਲਾ ਕੇ ਬੈਠ ਗਈ।...ਵਡੀ ਭਾਬੀ ਤੇ ਬੀਬੀ ਦੇ ਸਫਰ ਲਈ ਪਰੌਂਠੇ ਪਕਾਏ। ਦਰਸ਼ਨਾਂ ਲਈ ਦੁਨੀਆਂ ਆਉਣੀ ਸ਼ੁਰੂ ਹੋ ਗਈ। ਆਂਦੇ ਭਗਤ ਮੱਥੇ ਟੇਕਦੇ, ਚੜ੍ਹਾਵੇ ਚੜ੍ਹਾਉਂਦੇ ਪਰ ਦੇਵੀ ਬੀਬੀ ਕਿਸੇ ਵਲੋਂ ਨਾ ਤਕਦੀ। ਉਸ ਦੀਆਂ ਲਾਲ ਘੂਟ ਹੋਈਆਂ ਅਖਾਂ ਕਦੇ ਕਦੇ ਇਧਰ ਉਧਰ ਫਿਰ ਜਾਂਦੀਆਂ। ਉਹ ਤਿਆਰ ਸੀ ਜਾਣ ਲਈ, ਵੈਸ਼ਨੋ ਨਾਲ, ਵੀਹਾਂ ਵਰ੍ਹਿਆ ਦੇ ਬਾਲ ਨਾਲ।

ਦੇਵੀ ਬੀਬੀ ਨੂੰ ਜਾਪ ਰਿਹਾ ਸੀ ਜਿਵੇਂ ਉਸ ਅੰਦਰ ਸ਼ੇਰ ਪਲ ਰਿਹਾ ਹੈ। ਜਿਸ ਨੇ ਵੈਸ਼ਨੋ ਨੂੰ ਤਕ ਸੰਗਲ ਤੋੜ ਲਏ ਹਨ। ਉਹ ਇਸ ਮੁੰਡੇ ਨੂੰ ਭਖ ਜਾਏਗਾ, ਹਰਕੀ ਪੌੜੀ ਉਤੇ ਗੰਗਾ ਮਾਤਾ ਦੇ ਤਟ ਉਤੇ।

ਸਭ ਦੇਵੀ ਬੀਬੀ ਨੂੰ ਮੱਥਾ ਟੇਕ ਰਹੇ ਸਨ। ਵਡੀ ਪੈਰਾਂ ਉਤੇ ਸਿਰ ਰਖ ਬੜਾ ਰੋਈ, ਪਰ ਦੇਵੀ ਬੀਬੀ ਨੇ ਕੋਈ ਧਿਆਨ ਨਾ ਦਿਤਾ! ਜਦ ਫੁਟਦੀਆਂ ਮੁੱਛਾਂ ਵਾਲਾ ਬਠਲ ਦੇਵੀ ਬੀਬੀ ਦੇ ਨੇੜੇ ਆਇਆ ਤਾਂ ਉਸਨੇ ਬਠਲ ਨੂੰ ਕਲਾਵੇ ਵਿਚ ਲੈ ਲਿਆ। ਉਹ ਰੋ ਰਿਹਾ ਸੀ। ਉਹ ਵੀ ਰੋ ਰਹੀ ਸੀ। ਤੇ ਦੇਵੀ ਬੀਬੀ ਨੂੰ ਇੰਜ ਲਗਾ ਜਿਵੇਂ ਕੋਈ ਭੁਲੀ ਗਲ ਚੇਤੇ ਆ ਗਈ ਹੋਵੇ: ਉਸ ਨੇ ਭਰੀਆਂ ਅਖਾਂ ਨਾਲ ਏਨਾ ਹੀ ਕਿਹਾ "ਵੇ ਮੇਰਿਆ ਬਠਲਾ ਤੂੰ ਏਨਾਂ ਚਿਰ ਕਿਥੇ ਰਿਹਾ ਏਂ"।

ਉਹ ਬਠਲ ਵਲ ਗਹੁ ਨਾਲ ਤੱਕਦੀ ਸੋਚ ਰਹੀ ਸੀ ਇਹ ਬਠਲ ਹੈ ਜਾਂ ਵੈਸ਼ਨੋ, ਵੈਸ਼ਨੋ ਏ ਜਾਂ ਬਠਲ। ਕੋਈ ਫਰਕ ਨਹੀਂ...

'ਭੂਆ ਜੀ ਤੁਸੀ ਕਦੋਂ ਆਉਗੇ" ਬਠਲ ਨੇ ਹਾਉਕਾ ਭਰਦਿਆ ਕਿਹਾ"

"ਮੈਂ ਚਲੀ ਹੀ ਕਿਥੇ ਹਾਂ। ਮੇਰਾ ਸਾਮਾਨ ਖੋਲ ਦਿਓ। ਮੈਂ ਅਗਲੀ ਅਸ਼ਟਮੀ ਨੂੰ ਜਾਵਾਂਗੀ, ਅਪਣੇ ਬਠਲ ਨਾਲ। ਮੈਨੂੰ ਪੌਣ ਆਇਆ ਹੈ। ਰੱਬੀ ਸੁਨਿਹਾ ਆਇਆ ਹੈ।



Namdhari Elibrary NamdhariElibrary@gmail.com

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office : 275938
Resi. : 213054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS;

WOODEN & STEEL FURNITURE

PLEASE CONTACT.

# NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006



Namdhari Elibrary NamdhariElibrary@gmail.com

ਕਹਾਣੀ

# ਇਕ ਕਮੀਜ਼, ਇਕ ਝੂਠ

—ਪ੍ਰੀਤਮ ਬੇਲੀ

ਬੇਚਰ ਨਾਲ ਇਸ ਤੋਂ ਪਹਿਲਾਂ ਕਦੇ ਵੀ ਅਜਿਹਾ ਨਹੀਂ ਸੀ ਹੋਇਆ। ਉਹਨੇ ਕਦੇ ਕਮੀਜ਼ ਨਹੀਂ ਸੀ ਪਾਈ, ਕਦੇ ਕੰਮ ਉਤੇ ਨਹੀਂ ਸੀ ਗਿਆ ਤੇ ਨਾ ਹੀ ਕਦੇ ਅਜਿਹਾ ਜਗਰਾਤਾ ਕੀਤਾ ਸੀ।

ਸਾਰੀ ਰਾਤ ਬੇਚਰ ਪਾਸੇ ਪਰਤਦਾ ਰਿਹਾ। ਇਕ ਪਲ ਵੀ ਨਾ ਸੁੱਤਾ। ਨਵੀਂ ਕਮੀਜ਼ ਝੌਂਪੜੇ ਵਿਚ ਉਹਦੇ ਸਾਹਮਣੇ ਪੁਰਾਣੇ ਜੰਗਾਲੇ ਪੀਪੇ ਤੇ ਪਈ ਸੀ।

ਬੇਚਰ ਨੇ ਇਸ ਤੋਂ ਪਹਿਲਾਂ ਕਦੇ ਕਮੀਜ਼ ਨਹੀਂ ਸੀ ਪਾਈ।

ਗਰਮੀਆਂ ਦੀ ਰੁਤ ਬਲਦੇ ਕੰਬਲ ਵਾਂਗ ਆਉਂਦੀ ਅਤੇ ਕਹਿਰਾਂ ਦੀ ਉਸ ਗਰਮੀ ਵਿਚ ਕਮੀਜ਼ ਦੀ ਲੋੜ ਨਾ ਪੈਂਦੀ।

ਮੀਂਹਾਂ ਦੀ ਰੁਤੇ ਨਿਸ਼ਾਂ ਦਾ ਪਾਣੀ ਵਰ੍ਹਦਾ। ਤਿੱਖੀ ਵਾਛੜ ਛਾਂਟੇ ਦੀ ਮਾਰ ਵਾਂਗ ਪਿੰਡੇ ਤੇ ਪੈਂਦੀ। ਤਿੱਖੀਆਂ ਕਣੀਆਂ ਦੀਆਂ ਹਜ਼ਾਰਾਂ ਸੂਈਆਂ ਆਕਾਸ਼ 'ਚੋਂ ਡਿਗਦੀਆਂ ਰਹਿੰਦੀਆਂ ਅਤੇ ਉਹਨਾਂ ਦੀਆਂ ਤੇਜ਼ ਨੋਕਾਂ ਤੋਂ ਬਚਦਾ ਬੇਚਰ ਟੰਗਾਂ ਵਿਚ ਸਿਰ ਲੁਕਾਈ, ਕਿਸੇ ਕਾਲੇ ਕਛੂ-ਕੁੰਮੇ ਵਾਂਗ ਅਡੋਲ ਪਿਆ ਰਹਿੰਦਾ। ਮੀਂਹ ਬੰਦ ਹੁੰਦੇ ਤਾਂ ਕਸਬੇ ਤੋਂ ਬਾਹਰਵਾਰ, ਭੀਲਾਂ ਦੀ ਉਸ ਬਸਤੀ ਵਿਚ ਲਾਗਲੀਆਂ ਪਹਾੜੀਆਂ ਤੇ ਉਹਨਾਂ ਦੀਆਂ ਢਲਾਣਾ ਉਤੇ ਤੇ ਲਾਗਲੇ ਖੇਤਾਂ ਵਿਚ—ਚਾਰੇ ਪਾਸੇ ਹਰੀ ਹਰੀ ਕੂਲੀ ਘਾਹ ਦੀ ਚਾਦਰ ਵਿਛ ਜਾਂਦੀ ਤੇ ਕਮੀਜ਼ ਦੀ ਲੋੜ ਉਦੋਂ ਵੀ ਨਾ ਪੈਂਦੀ।

ਸਰਦੀਆਂ ਦੀ ਰੁੱਤ ਚਾਕੂ ਦੀ ਤਿੱਖੀ ਧਾਰ ਵਾਂਗ ਪਿੰਡੇ ਵਿਚ ਖੁੱਭਦੀ ਤੇ ਬੇਚਰ ਇਕ ਪੁਰਾਣੇ ਟਾਟ ਦਾ ਟੋਟਾ ਆਪਣੇ ਪਿੰਡੇ ਦੁਆਲੇ ਵਲੇਟੀ ਘੁੰਮਦਾ ਰਹਿੰਦਾ।

—0—

ਲੱਕੜਾਂ ਚੀਰਨ ਵਾਲੇ ਕਾਰਖਾਨੇ ਦਾ ਬੁੱਢਾ ਬਾਣੀਆਂ, ਸੇਠ, ਜਦੋਂ ਬਿਜਲੀ ਦੇ ਆਰੇ ਨਾਲ ਕੱਟ ਕੇ ਮਰ ਗਿਆ ਤਾਂ ਸੇਠ ਦੇ ਪੁੱਤਰ ਨੇ ਬੁਢੇ ਦੇ ਚੰਗੇ ਕਪੜੇ ਬ੍ਰਾਹਮਣ ਨੂੰ ਭੇਟ ਕੀਤੇ ਤੇ ਪੁਰਾਣੇ ਲੀੜੇ ਗਰੀਬਾਂ ਵਿਚ ਵੰਡ ਦਿਤੇ। ਇਕ ਪੁਰਾਣਾ ਕੰਬਲ ਬੇਚਰ ਦੇ ਪਿਉ ਮੰਗਲੂ ਦੇ ਹਿੱਸੇ ਆਇਆ।

ਮੰਗਲੂ ਨੇ ਪੁਰਾਣੇ ਕੰਬਲ ਦੇ ਦੋ ਟੋਟੇ ਕੀਤੇ। ਇਕ ਟੋਟਾ ਉਹਨੇ ਬੇਚਰ ਦੀ ਮਾਂ ਨੂੰ ਦਿਤਾ ਤੇ ਇਕ ਬੇਚਰ ਨੂੰ।

ਬੇਚਰ ਨੇ ਪੁਰਾਣਾ ਟਾਟ ਆਪਣੇ ਆਬਨੂਸੀ ਪਿੰਡੇ ਤੋਂ ਵੱਖ ਕੀਤਾ। ਟਾਟ ਦੇ ਛੋਟੇ ਛੋਟੇ ਟੁਕੜੇ ਕੀਤੇ ਤੇ ਉਹਨਾਂ ਵਿਚ ਸੁੱਕੀ ਘਾਹ ਭਰ ਕੇ ਨਿੱਕੇ ਨਿਕੇ ਖਿਦੋ ਬਣਾਏ। ਪਿੰਡੇ ਦੁਆਲੇ ਪੁਰਾਣੇ ਕੰਬਲ ਦਾ ਟੋਟਾ ਵਲੇਟੀ ਉਹ ਬਸਤੀ ਵਿਚ ਘੁੰਮਦਾ ਰਿਹਾ ਤੇ ਝੌਂਪੜਿਆਂ ਵਿਚ ਜਾ ਕੇ ਖਿਦੋ ਆਪਣੇ ਹਾਣੀਆਂ ਵਿਚ ਵੰਡਦਾ ਰਿਹਾ।

ਖਿਦੋ ਵੰਡਣ ਦਾ ਤਾਂ ਬਹਾਨਾ ਹੀ ਸੀ। ਬੇਚਰ ਆਪਣੇ ਹਾਣ ਦੇ ਮੁੰਡਿਆਂ ਨੂੰ ਦਰ-ਅਸਲ ਆਪਣਾ ਕੰਬਲ ਵਿਖਾਉਣਾ ਚਾਹੁੰਦਾ ਸੀ।...ਉਸ ਸ਼ਾਮ ਸਾਰੇ ਮੁੰਡੇ ਬੇਚਰ ਦੇ ਬਣਾਏ ਖਿਦੋਆਂ ਨਾਲ ਖੇਡਦੇ ਰਹੇ। ਜਾਣ ਬੁਝ ਕੇ ਤੇ ਬਹਾਨੇ ਪਾ ਪਾ ਕੇ ਉਹਦੇ ਕੰਬਲ ਨੂੰ ਹੱਥ ਲਾਉਂਦੇ ਰਹੇ।



Namdhari Elibrary NamdhariElibrary@gmail.com

ਕੰਬਲ ਦੀ ਛੋਹ ਨਾਲ ਉਹਨਾਂ ਦੇ ਪਿੰਡੇ ਵਿਚ ਜਿਵੇਂ ਕੋਈ ਨਿੱਘ ਜਿਹਾ ਖਿਲਰ ਜਾਂਦਾ।

—0—

ਕੰਬਲ ਦਾ ਟੋਟਾ ਹੁਣ ਝੌਪੜੇ ਵਿਚ ਬੇਚਰ ਦੇ ਥੱਲੇ ਜ਼ਮੀਨ ਤੇ ਵਿਛਿਆ ਹੋਇਆ ਸੀ ਤੇ ਨਵੀਂ ਕਮੀਜ਼ ਸਾਹਮਣੇ ਜੰਗਾਲੇ ਪੀਪੇ ਤੇ ਪਈ ਸੀ।

ਬੇਚਰ ਹੌਲੇ ਜਿਹੇ ਉਠਿਆ ਤੇ ਆਪਣੀ ਕਮੀਜ਼ ਉਤੇ ਹੱਥ ਫੇਰਨ ਲਗ ਪਿਆ। ਬੇਚਰ ਦੀ ਮਾਂ ਤੇ ਮੰਗਲੂ, ਦੋਵੇਂ ਸੁਤੇ ਹੋਏ ਵਾਰੋ ਵਾਰੀ ਘੁਰਾੜੇ ਮਾਰ ਰਹੇ ਸਨ। ਪਿਉ ਦੇ ਘੁਰਾੜੇ ਉਚੇ ਤੇ ਮਾਂ ਦੇ ਨੀਵੇਂ। ਬੇਚਰ ਨੇ ਦੋਹਾਂ ਦੇ ਉੱਚੇ ਨੀਵੇਂ ਘੁਰਾੜੇ ਸੁਣੇ ਤਾਂ ਉਹਨੂੰ ਸੁਆਦ ਆਉਣ ਲਗਾ ਤੇ ਫਿਰ ਉਹਨਾਂ ਤਿੰਨਾਂ ਦੇ ਅਸਲੀ ਨਕਲੀ ਘੁਰਾੜੇ ਇਕ ਦੂਜੇ ਵਿਚ ਗੁਆਚ ਗਏ।

ਘੁਰਾੜਿਆਂ ਦੀ ਨਕਲ ਲਾਂਦਿਆਂ ਬੇਚਰ ਦਾ ਸੰਘ ਸੁੱਕ ਗਿਆ ਤੇ ਪਾਣੀ ਪੀਣ ਉਹ ਝੌਪੜੇ ਤੋਂ ਬਾਹਰ ਨਿਕਲ ਆਇਆ। ਬਸਤੀ ਦਾ ਕੁੱਤਾ 'ਬਾਂਕਾ' ਇਕ ਵਾਰ ਜ਼ੋਰ ਦੀ ਭੌਂਕਿਆ ਤੇ ਫਿਰ ਬੇਚਰ ਦੇ ਪੈਰਾਂ ਦੀ ਆਵਾਜ਼ ਪਛਾਣ ਕੇ ਪੂਛ ਹਿਲਾਂਦਾ ਉਹਦੇ ਵੱਲ ਦਲਾ ਆਇਆ।

ਬੇਚਰ ਨੇ ਪਿਪਲ ਦੇ ਰੁਖ ਹੇਠ ਪਏ ਪੀਪੇ 'ਚੋਂ ਟੀਨ ਦੇ ਡੱਬੇ ਵਿਚ ਪਾਣੀ ਪਾ ਕੇ ਪੀਤਾ। ਪਾਣੀ ਦੇ ਘੁਟ ਭਰ-ਦਿਆਂ, ਡੱਬੇ ਦੇ ਪਾਣੀ ਵਿਚ ਅਚਾਨਕ ਉਹਨੂੰ ਇਕ ਤਾਰਾ ਜਗਦਾ ਤੇ ਕੰਬਦਾ ਹੋਇਆ ਦਿਸਿਆ। ਤੇ ਫਿਰ ਬੇਚਰ, ਸਿਰ ਚੁਕੀ, ਦੇਰ ਤਾਈਂ ਕਾਲੇ ਆਕਾਸ਼ ਵੱਲ ਵੇਖਦਾ ਰਿਹਾ। ਦੂਰ ਤਾਈਂ, ਭੀਲਾਂ ਦੀ ਬਸਤੀ ਦੇ ਹਰ ਪਾਸੇ ਕਸਬੇ ਦੇ ਉਸ ਪਾਰ ਤੇ ਦੂਜੇ ਪਾਸੇ ਪਹਾੜੀਆਂ ਉਤੇ ਰਾਤ ਦਾ ਪਸਾਰਾ ਸੀ ਅਤੇ ਰਾਤ ਦੀ ਕਾਲੀ ਚੁੰਨੀ ਵਿਚ ਸੈਆਂ ਤਾਰਿਆਂ ਦੀ ਮੁਕੇਸ਼ ਜੜੀ ਹੋਈ ਸੀ। ਬੇਚਰ ਦੇਰ ਤਾਈਂ ਸੋਚਦਾ ਰਿਹਾ, "ਆਕਾਸ਼ ਦੀ ਇਹ ਸਿਲਮੇ-ਸਿਤਾਰਿਆਂ ਜੜੀ ਕਮੀਜ਼ ਕਿੰਨੀ ਸੂਹਣੀ ਏ।"—ਪਰ੍ਹੇ ਖੇਤਾਂ ਵਿਚ ਸੈਆਂ ਟਟਹਿਣੇ ਜਗ-ਬੁਝ ਜਗ-ਬੁਝ ਕਰ ਰਹੇ ਸਨ। ਉਹਨੂੰ ਕੁਝ ਸਮਝ ਨਹੀਂ ਸੀ ਆ ਰਿਹਾ। ਇਹ ਤਾਰੇ, ਇਹ ਟਟਹਿਣੇ, ਇਹ ਰਾਤ, ਇਹ ਆਕਾਸ਼ ਦੀ ਤਾਰਿਆਂ-ਜੜੀ ਕਮੀਜ਼ ਤੇ ਇਕ ਉਸਦੀ ਆਪਣੀ ਕਮੀਜ਼ ਜੋ ਅੰਦਰ ਪੁਰਾਣੇ, ਜੰਗਾਲੇ ਪੀਪੇ ਤੇ ਪਈ ਸੀ।

ਬਾਂਕੇ ਨੇ ਬੇਚਰ ਦੇ ਪੈਰਾਂ ਨੂੰ ਸੁੰਘ ਕੇ ਉਹਦਾ ਧਿਆਨ ਆਪਣੇ ਵੱਲ ਖਿਚਿਆ। ਬੇਚਰ ਨੇ, ਝੁਕ ਕੇ, ਉਹਦਾ ਬੂਥਾ ਆਪਣੇ ਹੱਥਾਂ ਵਿਚ ਲੈ ਲਿਆ। ਕੁੱਤੇ ਨੇ ਅੱਖਾਂ ਬੰਦ ਕਰ ਲਈਆਂ।

"ਬਾਂਕੇ! ਮੇਰੀ ਨਵੀਂ ਕਮੀਜ਼ ਵੇਖੇਂਗਾ?" ਬੇਚਰ ਨੇ ਕੁੱਤੇ ਤੋਂ ਪੁਛਿਆ, "ਓਏ ਬਾਂਕੇ" ਬਾਂਕਾ ਪੂਛ ਹਿਲਾਂਦਾ ਰਿਹਾ।

ਬੇਚਰ ਭੱਜ ਕੇ ਝੌਪੜੇ 'ਚੋਂ ਆਪਣੀ ਕਮੀਜ਼ ਚੁਕ ਲਿਆਇਆ। ਬਾਂਕੇ ਨੂੰ ਵਿਖਾਂਦਾ ਰਿਹਾ ਤੇ ਬਾਂਕਾ ਪੂਛਲ ਚੁੱਕੀ ਬੇਚਰ ਦੁਆਲੇ ਚੱਕਰ ਲਾਉਂਦਾ ਰਿਹਾ।

ਖੁਸ਼ੀ ਦੇ ਉਸ ਲੋਰ ਵਿਚ ਬੇਚਰ ਨੇ ਬਾਂਕੇ ਦੀ ਪੂਛ ਖਿੱਚੀ ਤਾਂ ਬਾਂਕਾ ਚਊਂ ਚਊਂ ਕਰਦਾ ਦੌੜ ਗਿਆ ਤੇ ਬੇਚਰ ਚਾਈਂ ਚਾਈਂ ਝੌਪੜੇ ਵਿਚ ਮੁੜ ਆਇਆ। ਕਮੀਜ਼ ਫੇਰ ਪੁਰਾਣੇ ਪੀਪੇ ਉਤੇ ਰੱਖ ਦਿਤੀ ਅਤੇ ਪਾਸੇ ਪਰਤਦਿਆਂ ਤੇ ਮਾਂ ਪਿਉ ਦੇ ਘੁਰਾੜੇ ਸੁਣਦਿਆਂ ਸਵੇਰ ਦੀ ਉਡੀਕ ਕਰਨ ਲੱਗਾ।

—0—

ਪਿਛਲੀ ਸ਼ਾਮ ਮੰਗਲੂ ਨੇ ਘਰ ਆ ਕੇ ਖੁਸ਼ਖਬਰੀ ਸੁਣਾਈ ਸੀ ਕਿ ਬੇਚਰ ਲਈ ਕੰਮ ਮਿਲ ਗਿਆ ਸੀ। ਕਸਬੇ ਲਾਗਲੀ ਜ਼ਮੀਨ 'ਚੋਂ, ਕੁਝ ਰੂਸੀਆਂ ਦੀ ਮਦਦ ਨਾਲ ਸਰਕਾਰ ਤੇਲ ਲੱਭ ਰਹੀ ਸੀ। ਤੇਲ ਲੱਭਣ ਲਈ ਖੂਹ ਪੁਟੇ ਜਾ ਰਹੇ ਸਨ। ਠੇਕੇਦਾਰਾਂ ਨੇ ਕੰਮ ਸ਼ੁਰੂ ਕਰ ਦਿਤਾ ਸੀ ਤੇ ਇਕ ਸੁਪਰਵਾਈਜ਼ਰ ਨੂੰ ਕਹਿ ਕਹਾ ਕੇ ਮੰਗਲੂ ਨੇ ਬੇਚਰ ਲਈ ਵੀ ਕੰਮ ਲੱਭ ਲਿਆ ਸੀ।

ਬੇਚਰ ਦੀ ਮਾਂ ਨੂੰ ਸੁਣ ਕੇ ਚਾਅ ਚੜ੍ਹ ਗਿਆ।

ਤੇ ਫਿਰ ਬੇਚਰ ਦੀ ਮਾਂ ਜਦ ਕਿਹਾ ਕਿ ਪੁੱਤਰ ਦੇ ਪਹਿਲੀ ਵਾਰ ਕੰਮ ਲਗਣ ਤੇ ਉਹਨੂੰ ਕਮੀਜ਼ ਲੈ ਦਿਤੀ ਜਾਏ ਤਾਂ ਮੰਗਲੂ ਦੇਰ ਤਾਈਂ ਪੁੱਤਰ ਬੇਚਰ ਦੇ ਆਬਨੂਸੀ ਪਿੰਡੇ ਵਲ ਵੇਖਦਾ ਰਿਹਾ ਸੀ ਅਤੇ ਰਾਤੀਂ ਬਾਜ਼ਾਰੋਂ ਮੁੜਦਾ



Namdhari Elibrary NamdhariElibrary@gmail.com

ਹੋਇਆ ਫੇਰਰ ਲਈ ਦੋ ਰੁਪਏ ਦੀ ਸੀਤੀ-ਸੀਤਾਈ ਕਮੀਜ਼ ਲੈ ਆਇਆ ਸੀ।

ਬੇਰਰ ਨੇ ਇਸ ਤੋਂ ਪਹਿਲਾਂ ਕਦੇ ਕਮੀਜ਼ ਨਹੀਂ ਸੀ ਪਾਈ, ਕਦੇ ਕੰਮ ਤੇ ਨਹੀਂ ਸੀ ਗਿਆ ਅਤੇ ਨਾ ਹੀ ਕਦੇ ਸਾਰੀ ਰਾਤ ਦਾ ਅਜਿਹਾ ਜਗਰਾਤਾ ਕੀਤਾ ਸੀ।

ਪਾਸੇ ਪਰਤਦਿਆਂ ਉਹਦੀ ਸਾਰੀ ਰਾਤ ਲੰਘ ਗਈ। ਰਾਤ, ਟਟਹਿਣਿਆਂ ਦੀ ਜਗ-ਬੁਝ ਤੇ ਆਕਾਸ਼ ਦੀ ਤਾਰਿਆਂ ਜੜ੍ਹੀ ਕਮੀਜ਼—ਸਭ ਤੁਰ ਗਏ ਤੇ ਸਵੇਰ ਆਪਣੇ ਰੰਗ-ਬਰੰਗੇ ਕਪੜੇ ਪਾਈ ਆ ਗਈ।

—0—

ਬੇਰਰ ਇਕ ਵਾਰ ਵੇਖਣਾ ਚਾਹੁੰਦਾ ਸੀ ਕਿ ਗਲ ਪਾਈ ਕਮੀਜ਼ ਉਸਨੂੰ ਕਿਹੋ ਜਿਹੀ ਲਗਦੀ ਹੈ। ਕਮੀਜ਼ ਗਲ ਪਾ ਕੇ ਦੇਰ ਤਾਈਂ ਉਹ ਇਕ ਟੁਟੇ ਹੋਏ ਸ਼ੀਸ਼ੇ ਵਿਚ ਘੂਰਦਾ ਰਿਹਾ। ਪਰ ਸ਼ੀਸੇ ਦੇ ਉਸ ਟੋਟੇ ਵਿਚ ਕਦੇ ਅੱਧੀ ਬਾਂਹ ਦਿਸਦੀ, ਕਦੇ ਸਿਰਫ਼ ਗਲਮਾ ਨਜ਼ਰ ਆਉਂਦਾ ਤੇ ਕਦੇ ਅਗਲੇ ਪਾਸੇ ਦਾ ਉਤਲਾ ਜਾਂ ਹੇਠਲਾ ਹਿੱਸਾ। ਪਿਛਲਾ ਪਾਸਾ ਬਿਲਕੁਲ ਨਾ ਦਿਸਦਾ—ਬੇਰਰ, ਇਕੋ ਨਜ਼ਰੇ, ਸਾਰੀ ਦੀ ਸਾਰੀ ਕਮੀਜ਼ ਵੇਖਣਾ ਚਾਹੁੰਦਾ ਸੀ।

ਸਵੇਰ ਸਾਰ ਬਾਂਕੇ ਨੂੰ ਨਾਲ ਲਈ ਬੇਰਰ ਲਾਗਲੇ ਖੇਤਾਂ ਵਿਚ ਚਲਾ ਗਿਆ।

ਇਕ ਖੇਤ ਵਿਚ ਫਸਲ-ਮਾਰ ਪੰਛੀਆਂ ਨੂੰ ਦੂਰ ਰਖਣ ਲਈ ਲਗੇ 'ਡਰਨੇ' ਤੋਂ ਬੇਰਰ ਨੇ ਪੁਰਾਣੀਆਂ ਲੀਰਾਂ ਵਖ ਕੀਤੀਆਂ। ਬਾਂਕਾ ਭੌਂਕਦਾ ਰਿਹਾ। ਲੀਰਾਂ ਨਾਲ ਬੇਰਰ ਨੇ ਡਰਨੇ ਨੂੰ ਆਪਣੀ ਸਾਰੀ ਦੀ ਸਾਰੀ ਕਮੀਜ਼ ਪਾ ਦਿਤੀ। ਬਾਂਕੇ ਨੇ ਡਰਨੇ ਨੂੰ ਏਸ ਨਵੇਂ ਰੂਪ ਵਿਚ ਵੇਖਿਆ ਤਾਂ ਇਕੋ ਵਾਰ ਭੌਂਕ ਕੇ, ਟੰਗਾਂ ਵਿਚ ਪੂਛ ਦਬਾਈ ਓਥੋਂ ਨਠਿਆ। ਬੇਰਰ ਨੂੰ ਬੜਾ ਸੁਆਦ ਆਇਆ। ਡਰਨੇ ਦੁਆਲੇ ਚੱਕਰ ਕੱਟਦਾ, ਡਰਨੇ ਨੂੰ ਪਾਈ ਪੂਰੀ ਕਮੀਜ਼ ਜੀਅ ਭਰ ਕੇ ਉਹ ਵੇਖਦਾ ਰਿਹਾ।

ਤੇ ਫਿਰ ਕਮੀਜ਼ ਲਾਹ ਕੇ ਉਹ ਨਦੀ ਕੰਢੇ ਨਹਾਣ ਚਲਾ ਗਿਆ।

ਪੱਥਰ ਦੇ ਇਕ ਵੱਟੇ ਨੂੰ ਇਕ ਪੁਰਾਣੇ ਲੱਤੇ ਕਿੱਲ ਨਾਲ ਰਗੜ ਰਗੜ ਕੇ ਬੇਰਰ ਨੇ ਵਟੇ ਦਾ ਝਾਂਵਾਂ ਬਣਾਇਆ ਤੇ ਫਿਰ ਨਦੀ ਵਿਚ ਝਾਂਵੇਂ ਨਾਲ ਰਗੜ ਰਗੜ ਕੇ ਆਪਣਾ ਪਿੰਡਾ ਸਾਫ਼ ਕੀਤਾ। ਪਿੰਡੇ ਦਾ ਆਬਨੂਸੀ ਰੰਗ ਲਿਸ਼ਕਣ ਲੱਗਾ।

ਤੇ ਆਪਣੀ ਪਹਿਲੀ ਕਮੀਜ਼ ਜਦ ਉਹਨੇ ਪਹਿਲੀ ਵਾਰ ਪਾਈ ਤਾਂ ਉਲਟੀ ਪਾ ਲਈ। ਫੇਰ ਲਾਹ ਕੇ ਸਿੱਧੀ ਕੀਤੀ, ਫੇਰ ਪਾਈ ਤੇ ਫੇਰ ਉਹਨੇ ਕਮੀਜ਼ ਨੂੰ ਕਈ ਵਾਰ ਲਾਹਿਆ ਤੇ ਕਈ ਵਾਰ ਪਾਇਆ।

ਘਰ ਮੁੜਦੇ ਹੋਏ ਬੇਰਰ ਮੁਸਕਰਾ ਰਿਹਾ ਸੀ ਤੇ ਆਪਣੀ ਹੀ ਖੁਸ਼ੀ ਤੇ ਸ਼ਰਮਾ ਰਿਹਾ ਸੀ।

ਬੇਰਰ ਦੀ ਮਾਂ ਨੇ ਪੁੱਤ ਨੂੰ ਨਵੀਂ ਕਮੀਜ਼ ਵਿਚ ਵੇਖ ਕੇ ਉਹਦਾ ਮੱਥਾ ਚੁੰਮਿਆ। ਮੰਗਲੂ ਨੇ ਉਹਦੇ ਸਿਰ ਤੇ ਹੱਥ ਫੇਰਿਆ ਤੇ ਫਿਰ ਮੰਗਲੂ ਤੇ ਬੇਰਰ ਦੀ ਮਾਂ ਦੇਰ ਤਾਈਂ ਇਸ ਗੱਲ ਦਾ ਫੈਸਲਾ ਨਾ ਕਰ ਸਕੇ ਕਿ ਬੇਰਰ ਨੂੰ ਮਿਲਣ ਵਾਲੀ ਇਕ ਰੁਪਏ ਦੀ ਦਿਹਾੜੀ 'ਚੋਂ ਮਜ਼ਾ ਮਾਰਨ ਲਈ ਜੇਬ-ਖ਼ਰਚੇ ਦੇ ਉਹਨੂੰ ਦੋ ਪੈਸੇ ਦਿਤੇ ਜਾਣ ਜਾਂ ਪੰਜ ਪੈਸੇ ?

ਬੇਰਰ ਦੀ ਮਾਂ ਨੇ ਗਹੁ ਨਾਲ ਪੁੱਤਰ ਦੇ ਚਿਹਰੇ ਵੱਲ ਵੇਖਿਆ ਤਾਂ ਉਹਨੂੰ ਇੰਜ ਲੱਗਾ ਕਿ ਨਿਕੇ ਹੁੰਦਿਆਂ ਮੰਗਲੂ ਦਾ ਮੁਹਾਂਦਰਾ ਸਗਵਾਂ ਇਹੋ ਜਿਹਾ ਲਗਦਾ ਰਿਹਾ ਹੋਵੇਗਾ ਤੇ ਉਹਨੇ ਮੰਗਲੂ ਨੂੰ ਮਨਾ ਲਿਆ ਕਿ ਬੇਰਰ ਨੂੰ ਖ਼ਰਚਨ ਲਈ ਰੋਜ਼ ਪੰਜ ਪੈਸੇ ਦਿਤੇ ਜਾਣ।

—0—

ਮੰਗਲੂ ਆਰੇ ਵਾਲੇ ਕਾਰਖਾਨੇ ਆਪਣੇ ਕੰਮ ਤੇ ਤੁਰ ਗਿਆ। ਬੇਰਰ ਪਿਉ ਦੇ ਦਸੇ ਅਨੁਸਾਰ, ਕਸਬੇ ਤੋਂ ਬਾਹਰਵਾਰ ਤੇਲ ਦੇ ਖੂਹਾਂ ਦੀ ਪੁਟਾਈ ਵਾਲੀ ਥਾਂ ਵਲ ਚਲ ਪਿਆ। ਉਹਦੇ ਜਾਣ ਤੋਂ ਪਹਿਲਾਂ, ਬਸਤੀ ਦੇ ਭੀਲ ਮੁੰਡੇ ਬੇਰਰ ਦੁਆਲੇ ਇਕੱਠੇ ਹੋ ਗਏ ਤੇ ਸਧਰਾਈਆਂ ਅੱਖਾਂ ਨਾਲ ਉਹਦੀ ਨਵੀਂ ਕਮੀਜ਼ ਦੀਆਂ ਗੱਲਾਂ ਕਰਦੇ ਰਹੇ ਤੇ ਕੰਮ ਤੇ ਜਾਂਦਿਆਂ, ਬੇਰਰ ਨੂੰ ਪਿਛਲੇ ਸਾਲ ਮੁੰਡਿਆਂ ਵਿਚ ਵੰਡੇ ਖਿਦੋ ਯਾਦ ਆਂਦੇ ਰਹੇ

ਰਸਤੇ ਵਿਚ ਬੇਰਰ ਨੂੰ ਲਗੇ ਕਿ ਸਭ ਉਹਦੀ ਨਵੀਂ



Namdhari Elibrary NamdhariElibrary@gmail.com

ਕਮੀਜ਼ ਵਲ ਵੇਖ ਰਹੇ ਹਨ। ਉਹ ਵੀ ਲੋਕਾਂ ਦੀਆਂ ਕਮੀਜ਼ਾਂ ਵਲ ਵੇਖਦਾ ਰਿਹਾ। ਕਿਸੇ ਦੀ ਸੂਤੀ, ਕਿਸੇ ਦੀ ਰੇਸ਼ਮੀ, ਕਿਸੇ ਦੀ ਖੱਦਰ ਦੀ, ਤੇ ਕਿਸੇ ਦੀ ਕਮੀਜ਼ ਵਲਾਇਤੀ ਟੈਰਾਲਿਨ ਦੀ—ਸਾਦੀਆਂ ਕਮੀਜ਼ਾਂ, ਦੁਧ-ਚਿੱਟੀਆਂ ਤੇ ਰੰਗ-ਬਰੰਗੀਆਂ ਕਮੀਜ਼ਾਂ। ਬੇਚਰ ਲਈ ਸੜਕ ਤੇ ਅੱਜ ਬੰਦੇ ਨਹੀਂ, ਸਿਰਫ ਕਮੀਜ਼ਾਂ ਆ ਜਾ ਰਹੀਆਂ ਸਨ।

ਪੁਟਾਈ ਵਾਲੀ ਥਾਂ ਤੇ ਆਏ ਭੀਲ ਕਾਮੇ, ਬੇਚਰ ਨੂੰ ਨਵੀਂ ਕਮੀਜ਼ ਵਿਚ ਵੇਖ ਕੇ ਪਹਿਲਾਂ ਤਾਂ ਬਹੁਤ ਖੁਸ਼ ਹੋਏ, ਪਰ ਫਿਰ ਹੱਸਣ ਲਗ ਪਏ। ਮੁੰਡਾ 'ਲਾੜਾ' ਬਣ ਕੇ ਮਜ਼ਦੂਰੀ ਕਰਨ ਆਇਆ ਸੀ। ਸਭ ਉਹਦੀ ਕਮੀਜ਼ ਦਾ ਮੁਲ ਪੁਛਦੇ ਰਹੇ ਤੇ ਫੇਰ ਵੇਖਦਿਆਂ ਵੇਖਦਿਆਂ ਕਈ ਹੱਥਾਂ ਦੇ ਦਾਗ ਉਹਦੀ ਨਵੀਂ ਕਮੀਜ਼ ਉਤੇ ਪੈ ਗਏ। ਬੇਚਰ ਨੂੰ ਬਹੁਤ ਬੁਰਾ ਲੱਗਾ। ਕੰਮ ਉਤੇ ਆਈਆਂ ਭੀਲ ਕੁੜੀਆਂ ਨੇ ਉਹਨੂੰ ਆਪਣੇ ਵੱਲ ਸਦਿਆਂ ਤੇ ਬੇਚਰ ਨੇ ਗੁਸੇ ਨਾਲ ਨਾਂਹ ਕਰ ਦਿਤੀ।

ਪੁਟਾਈ ਵਾਲੀ ਥਾਂ ਉਤੇ ਕਈ ਮਜਦੂਰ ਕੰਮ ਦੀ ਤਿਆਰੀ ਵਿਚ ਰੁਝੇ ਹੋਏ ਸਨ। ਬੇਚਰ ਨੂੰ ਵੇਖ ਕੇ ਇਕ ਵਾਰ ਸਭ ਨੇ ਕੰਮ ਛੱਡ ਦਿਤਾ। ਬੇਚਰ ਨੂੰ ਲੱਗ ਰਿਹਾ ਸੀ ਕਿ ਉਹਨਾਂ ਸਾਰਿਆਂ ਦੀਆਂ ਸਧਰਾਈਆਂ ਤੇ ਸੁਆਲੀ ਤੇ ਤਿੱਖੀਆਂ ਤੇ ਹਸਦੀਆਂ ਅੱਖਾਂ ਨਾਲ ਉਹਦੀ ਕਮੀਜ਼ ਵਿਚ ਜਿਵੇਂ ਛੇਕ ਪੈ ਜਾਣਗੇ।

ਭੀਲ ਮਜ਼ਦੂਰਾ ਨੇ ਹੰਢੀਆਂ ਹੋਈਆਂ ਮੈਲੀਆਂ ਬੁਨੈਣਾਂ ਜਾਂ ਪਾਟੀਆਂ ਪੁਰਾਣੀਆਂ ਕਮੀਜ਼ਾਂ ਪਾਈਆਂ ਹੋਈਆਂ ਸਨ। ਝੁੰਘੀਆਂ ਝੁਰੜੀਆਂ ਵਾਲੇ ਬੁਢੇ ਮਜ਼ਦੂਰਾਂ ਨੇ ਪਿੰਡੇ ਦੁਆਲੇ ਸਿਰਫ ਪੁਰਾਣੇ ਪਰਨੇ ਵਲੇ ਹੋਏ ਸਨ। ਕੁਝ ਪੁਲੀਸ ਵਾਲੇ ਸਨ, ਪੁਲੀਸ ਦੀ ਵਰਦੀ ਵਿਚ। ਮੁੱਛਾਂ ਵਾਲਾ ਇਕ ਸੁਪਰ-ਵਾਈਜ਼ਰ ਸੀ, ਖਾਕੀ ਵਰਦੀ ਵਿਚ। ਇਕ ਵੱਡਾ ਸਰਕਾਰੀ ਅਫਸਰ ਸੀ, ਚਿਟੇ ਸੂਟ ਤੇ ਖਾਕੀ ਹੈਟ ਵਿਚ। ਤੇ ਫੇਰ ਵੇਖਦੇ ਵੇਖਦੇ ਕਈ ਹੋਰ ਹੱਥਾਂ ਨੇ ਬੇਚਰ ਦੀ ਕਮੀਜ਼ ਨੂੰ ਖਿਚਿਆ ਤਾਂ ਕਮੀਜ਼ ਦੇ ਕੁਝ ਬਟਨ ਖਿੱਚ ਨਾਲ ਉਖੜ ਗਏ।

ਇਕ ਬੁਢੇ ਭੀਲ ਨੇ ਆਪਣਾ ਪਰਨਾ ਇਕ ਪਾਸੇ ਰੱਖ ਕੇ ਤਗਾਰੀ ਵਿਚ ਗਾਰਾ ਭਰਿਆ ਤੇ ਬੇਚਰ ਨੂੰ ਕਮੀਜ਼ ਲਾਹ ਦੇਣ ਲਈ ਕਿਹਾ। ਬੇਚਰ ਤ੍ਰਭਕ ਪਿਆ।

ਮੁੱਛਲ ਸੁਪਰਵਾਈਜ਼ਰ ਨੇ ਰੁਮਾਲ ਨਾਲ ਆਪਣੇ ਚਿਹਰੇ ਦਾ ਮੁੜ੍ਹਕਾ ਪੂੰਝਦਿਆਂ ਇਕ ਮੋਟੀ ਗਾਲ੍ਹ ਕਢੀ ਤੇ ਬੇਚਰ ਨੂੰ ਕਮੀਜ਼ ਲਾਹ ਕੇ ਕੰਮ ਸ਼ੁਰੂ ਕਰਨ ਤੇ ਗਾਰਾ ਢੋਣ ਲਈ ਕਿਹਾ।

ਬੇਚਰ ਉਥੋਂ ਜੋ ਦੌੜਿਆ, ਜੁ ਨਠਿਆ ਤਾਂ ਆਪਣੇ ਝੌਂਪੜੇ ਵਿਚ ਪਹੁੰਚ ਕੇ ਉਹਨੇ ਸਾਹ ਲਿਆ।

—0—

ਮਾਂ ਦਾ ਚਿਹਰਾ ਉਤਰ ਗਿਆ।

ਸ਼ਾਮੀਂ ਪਿਉ ਦੇ ਪੁਛਣ ਤੇ ਬੇਚਰ ਨੇ ਦਸਿਆ ਕਿ ਉਥੇ ਪੁਟਾਈ ਵਾਲੀ ਥਾਂ ਤੇ ਉਹਨੂੰ ਕਿਸੇ ਨੇ ਕੰਮ ਉਤੇ ਲਿਆ ਹੀ ਨਹੀਂ ਸੀ।

ਮੰਗਲੂ ਸੋਚੀਂ ਪੈ ਗਿਆ। ਸੁਪਰਵਾਈਜ਼ਰ ਨੂੰ ਦੂਜੀ ਵਾਰ ਕਹਿਣ ਕਹਾਣ ਲਈ ਸ਼ਾਮ ਢਲੇ ਮੰਗਲੂ ਸੁਪਰਵਾਈਜ਼ਰ ਦੇ ਘਰ ਗਿਆ।

ਰਾਤੀਂ ਬੜੀ ਦੇਰ ਬਾਅਦ ਮੰਗਲੂ ਜਦੋਂ ਮੁੜਿਆ ਤਾਂ ਧੋਤੀ ਹੋਈ ਕਮੀਜ਼ ਬਾਹਰ ਰੱਸੀ ਤੇ ਸੁੱਕ ਰਹੀ ਸੀ ਤੇ ਬੇਚਰ ਝੌਂਪੜੇ ਦੇ ਬਾਹਰ, ਰੱਸੀ ਕੋਲ ਜ਼ਮੀਨ ਉਤੇ ਸੁਤਾ ਹੋਇਆ ਸੀ।

ਮੰਗਲੂ ਦੇਰ ਤਾਈਂ ਕਮੀਜ਼ ਵੱਲ ਵੇਖਦਾ ਰਿਹਾ।

ਕਮੀਜ਼ ਦੀ ਜੇਬ ਕੋਲ ਇਕ ਟਟਹਿਣਾ ਜਗ-ਬੁਝ ਰਿਹਾ ਸੀ। ਮੰਗਲੂ ਨੇ ਹੱਥ ਮਾਰ ਕੇ ਟਟਹਿਣਾ ਝਾੜ ਦਿਤਾ।

ਬੇਚਰ ਨੇ ਨੀਂਦਰ ਵਿਚ ਘੁਲਬੁਲ ਕਰਦਿਆਂ ਪਾਸਾ ਪਰਤਿਆ।

ਮੰਗਲੂ ਸੁੱਤੇ ਹੋਏ ਬੇਚਰ ਵੱਲ ਵੇਖਦਾ ਰਿਹਾ। ਉਹ ਇਸ ਗੱਲ ਨੂੰ ਤੇ ਸਮਝਦਾ ਸੀ ਕਿ ਬੇਚਰ ਨੇ ਇਸਤੋਂ ਪਹਿਲਾਂ ਕਦੇ ਕਮੀਜ਼ ਨਹੀਂ ਸੀ ਪਾਈ। ਪਰ ਉਸਨੂੰ ਇਸ ਗੱਲ ਦੀ ਸਮਝ ਨਹੀਂ ਸੀ ਆ ਰਹੀ ਕਿ ਬੇਚਰ ਜੇ ਕੰਮ ਨਹੀਂ ਸੀ ਕਰਨਾ ਚਾਹੁੰਦਾ ਤਾਂ ਉਸਨੂੰ ਝੂਠ ਬੋਲਣ ਦੀ ਕੀ ਲੋੜ ਸੀ ਕਿ ਉਥੇ ਕੰਮ ਵਾਲੀ ਥਾਂ ਤੇ ਉਹਨੂੰ ਕਿਸੇ ਨੇ ਕੰਮ ਤੇ ਨਹੀਂ ਸੀ ਲਿਆ!

ਮੰਗਲੂ ਨੇ ਨਾ ਤੇ ਆਕਾਸ਼ ਦੀ ਤਾਰਿਆਂ ਜੜੀ ਕਾਲੀ ਕਮੀਜ਼ ਵੱਲ ਵੇਖਿਆ ਤੇ ਨਾ ਹੀ ਅਣਗਿਣਤ ਟਟਹਿਣਿਆਂ ਦੀ ਜਗ-ਬੁੱਝ ਵਲ। ਨੀਵੀਂ ਪਾਈ ਉਹ ਅੰਦਰ ਝੌਂਪੜੇ ਸੌਣ ਚਲਾ ਗਿਆ।

ਰਾਤ, ਚਾਰੇ ਪਾਸੇ ਖਿਲਰੀ ਰਾਤ—ਬੇਚਰ ਦੀ ਨੀਂਦਰ ਵਾਂਗ ਖ਼ਾਮੋਸ਼ ਸੀ ਅਤੇ ਕਮੀਜ਼—ਕਿਸੇ ਲੇਲੇ ਦੀ ਲੱਥੀ ਖੱਲ ਵਾਂਗ ਰੱਸੀ ਤੇ ਲਟਕ ਰਹੀ ਸੀ।



Namdhari Elibrary NamdhariElibrary@gmail.com

# ਕੁ-ਆਦਤਾਂ

—ਪ੍ਰੀਤਮ ਸਿੰਘ ਕਵੀ

ਉਹ ਨੌਜੁਆਨ ਰੋਜ਼ਾਨਾ 'ਨਵਾਂ ਜ਼ਮਾਨਾ' ਦੇ ਦਫਤਰ ਆਇਆ। ਵੇਖਣ ਨੂੰ ਕੋਈ ਓਪਰਾ ਨਹੀਂ ਸੀ ਲਗਦਾ। ਉਸ ਨੇ ਮੈਨੇਜਰ ਨੂੰ ਬੇਨਤੀ ਕੀਤੀ ਕਿ ਉਹ ਬੇਰੁਜ਼ਗਾਰ ਹੈ ਜੇ ਕੋਈ ਥਾਂ ਖਾਲੀ ਹੋਵੇ ? ਮੈਨੇਜਰ ਦੇ ਹਮਦਰਦ ਵਤੀਰੇ ਨੇ ਜੁਆਨ ਨੂੰ ਹੌਂਸਲਾ ਦਿਤਾ। ਪਰ ਦਸ ਮਿੰਟ ਦੇ ਵਕਫੇ ਬਾਅਦ ਮੈਨੇਜਰ ਆਪਣਾ ਕੰਮ ਛਡਦਿਆਂ ਉਸ ਵਲ ਮੁਖਾਤ੍ਰਬ ਹੋਇਆ : "ਸ੍ਰੀ ਮਾਨ ਜੀ, ਤੁਹਾਡੇ ਲਈ ਮੇਰੇ ਦਫਤਰ ਵਿਚ ਥਾਂ ਨਹੀਂ, ਕਿਤੇ ਹੋਰ ਤਲਾਸ਼ ਕਰੋ।" ਉਹ ਭੌਂਚਕਾ ਰਹਿ ਗਿਆ। ਏਡਾ ਪਿਆਰਾ ਇਨਸਾਨ, ਏਡਾ ਮਿਹਰਵਾਨ ਵਤੀਰੇ ਵਾਲਾ, ਹੁਣੇ ਇਸ ਨੂੰ ਕੀ ਹੋ ਗਿਆ ! ਪਤਾ ਲਗਾ ਨੌਜੁਆਨ, ਮੈਨੇਜਰ ਦੇ ਸਾਹਮਣੀ ਕੁਰਸੀ ਤੇ ਬੈਠਾ ਮੂਹਰਾਂ ਨਾਲ ਖੇਡਣ ਲਗ ਪਿਆ ਸੀ ਅਤੇ ਚੱਠ-ਚੱਲ੍ਹ ਕਰਦਿਆਂ ਉਸਨੇ ਇਕ ਦੀ ਖੂੰਟੀ ਉਖੇੜ ਦਿਤੀ ਸੀ। ਨੌਜੁਆਨ ਨੂੰ ਤੁਰਦਿਆਂ ਵੇਖ ਮੈਨੇਜਰ ਨੇ ਗਿੱਟਿਆਂ ਵਿਚ ਲਾਈ : "ਤੇਰੇ ਵਰਗੇ ਨਿਚੱਲੇ ਬੰਦੇ ਨੂੰ ਤਾਂ ਮੈਂ ਨੁਕਸਾਨ ਕਰਨ ਲਈ ਹੀ ਰਖਾਂਗਾ, ਤੂੰ ਦਸ ਮਿੰਟ ਵਿਚ ਮੇਰੇ ਟੇਬਲ ਤੇ ਪਈਆਂ ਚੀਜ਼ਾਂ ਦੇ ਭਾ ਦੀ ਬਣਾ ਛੱਡੀ, ਨਾ ਤੈਨੂੰ ਇਹ ਪਤਾ ਲਗਾ ਕਿ ਏਥੇ ਸਭ ਕੁਝ ਕਿਸੇ ਤਰਤੀਬ ਵਿਚ ਪਿਆ ਹੈ ਤੇ ਨਾ ਤੂੰ ਮੇਰੀ ਹੋਂਦ ਦਾ ਅਹਿ-ਸਾਸ ਹੀ ਕੀਤਾ।"

ਇਕ ਨਿੱਕੀ ਜਿਹੀ ਕੁ-ਆਦਤ ਨੇ ਨੌਜੁਆਨ ਨੂੰ ਮਿਲ ਰਹੀ ਨੌਕਰੀਓਂ ਮਹਿਰੂਮ ਕਰ ਦਿਤਾ।

ਕਈ ਵਾਰ ਤਕਿਆ ਹੈ, ਮੈਨੂੰ ਮਿਲਣ ਆਏ ਸਜਣਾਂ ਚੋਂ ਬਹੁਤੇ, ਜੁ ਬੜੇ ਸਿਆਣੇ, ਪੜ੍ਹੇ ਲਿਖੇ ਤੇ ਮਹੱਜ਼ਬ ਹੁੰਦੇ ਹਨ, ਆਪਣੇ ਹੱਥਾਂ ਤੇ ਕਾਬੂ ਨਹੀਂ ਰਖ ਸਕਦੇ। ਮੇਜ਼ ਤੇ ਪਈ ਪਿੰਨ-ਡੱਬੀ ਚੋਂ ਪਿੰਨ ਚੁਕ ਕੇ ਟੇਬਲ ਤੇ ਮੜ੍ਹੀ ਕੈਨਵਸ ਨੂੰ ਕੁਰੇਦਣਾ ਸ਼ੁਰੂ ਕਰ ਦਿੰਦੇ ਹਨ। ਵਿਹਲੀ ਪਈ ਕਲਮ ਨਾਲ ਮੇਜ਼ ਉਤੇ ਹੀ ਚਿਤਰਕਾਰੀ ਲਈ ਕਾਹਲੇ ਹੋ ਉਠਦੇ ਹਨ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਮੇਰੇ ਇਕ ਮਿੱਤਰ ਦੇ ਘਰ ਕਿਸੇ ਜੋੜੇ ਦਾ ਆਨੰਦ ਕਾਰਜ ਹੋ ਰਿਹਾ ਸੀ। ਜਿਸ ਲੜਕੀ ਦੀ ਸ਼ਾਦੀ ਹੋਣੀ ਸੀ ਉਹ ਸਫ਼ ਉਤੇ ਬੈਠੀ, ਹੱਥਾਂ ਨੂੰ ਕਾਬੂ ਨ ਰਖ ਸਕੀ। ਸਫ਼ ਦੀਆਂ ਦੱਭ-ਤੰਦਾਂ ਨੂੰ ਖਿੱਚ ਖਿੱਚ ਕੇ ਟੁਕੜੇ ਕਰਨ ਲਗੀ। ਮੈਨੂੰ ਆਖਿਓ ਨੇ : ਉਸ ਲੜਕੀ ਨੂੰ ਕਿਤੋਂ ਡੱਕੇ ਲਿਆਕੇ ਦਿਓ, ਨਹੀਂ ਤਾਂ ਬੈਠੀ ਬੈਠੀ ਸਾਰੀ ਸਫ਼ ਦਾ ਸਤਿਆਨਾਸ ਕਰ ਦੇਵੇਗੀ।

ਇਹ ਹਾਲਤ ਉਹਦੀ ਸੁੰਦਰਤਾ ਤੇ ਦਿਸਦੀ ਫਬਣ ਨੂੰ ਕੁਚੱਜ ਵਿਚ ਬਦਲ ਰਹੀ ਸੀ।

ਕਈ ਸਜਣ ਅਖਬਾਰਾਂ ਰਸਾਲਿਆਂ ਨਾਲ ਬੜੀ ਜ਼ਿਆਦਤੀ ਕਰਦੇ ਹਨ। ਖ਼ੂਬਸੂਰਤ ਦਿਸਦੇ ਰਸਾਲੇ ਨੂੰ ਚੁਕਿਆ ਤੇ ਵਲੇਟਦਿਆਂ-ਵਲੇਟਦਿਆਂ ਉਸਦੀ ਪੂਣੀ ਕਰ ਦਿਤੀ। ਕਿਤਾਬਾਂ ਦੇ ਸ਼ੌਕੀਨਾਂ ਨੂੰ ਤਾਂ ਅਜਿਹੀ ਕੁ-ਆਦਤ ਤਕਦਿਆਂ ਹੀ ਕੁਚੀਚੀਆਂ ਉਠਣ ਲਗ ਪੈਂਦੀਆਂ ਹਨ। ਉਹਨਾਂ ਨੂੰ ਜਾਪਦਾ ਹੈ ਜਿਵੇਂ ਕੋਈ ਸੁੰਘਣ ਵਾਲੇ ਫੁਲ ਦੀ ਗੁਲਕੰਦ ਬਣਾ ਰਿਹਾ ਹੋਵੇ ਅਥਵਾ ਕਿਸੇ ਨਾਜ਼ਕ ਜਿੰਦੜੀ ਨੂੰ ਮਸਲ ਕੇ ਉਹਦੀ ਬੇਹੁਰਮਤੀ ਕਰ ਰਿਹਾ ਹੋਵੇ।

ਕੁਝ ਗਲਾਧੜੀ ਯਾਰ ਹੁੰਦੇ ਹਨ ਜੋ ਗੱਲ ਕਰਨ ਲਈ ਏਨੇ ਉਤਾਵਲੇ ਹੁੰਦੇ ਹਨ ਕਿ ਅਗਲੇ ਪਾਸੇ ਦੋ ਜਣਿਆਂ ਵਿਚ ਚਲਦੀ ਗੱਲਬਾਤ ਨੂੰ ਬਾਰ ਬਾਰ ਟੋਕ ਕੇ ਆਪਣੀ ਸੁਣਾਣ



Namdhari Elibrary NamdhariElibrary@gmail.com

ਲਈ ਕਾਹਲੇ ਪਏ ਰਹਿੰਦੇ ਹਨ ਜਦੋਂ ਕਿ ਚਲਦੀ ਗੱਲਬਾਤ ਦੇ ਖਾਤਮੇ ਤੇ ਹੀ ਦੂਜੇ ਨੂੰ ਗੱਲ ਕਰਨੀ ਸੋਭਦੀ ਹੈ । ਅਤੇ ਕਈ ਆਦਮੀ ਅਜਿਹੇ 'ਵਕਤਾ' ਹੁੰਦੇ ਹਨ ਕਿ ਉਹ ਦੂਜੇ ਨੂੰ ਸੁਣਨ ਲਈ ਅਵਸਰ ਹੀ ਨਹੀਂ ਆਉਣ ਦਿੰਦੇ ਆਪਣੇ ਦੱਬੇ ਨਾਲ ਦੱਬਾ ਲਾਈ ਜਾਂਦੇ ਹਨ ਕਿ ਉਹਨਾਂ ਦੀ ਗੱਲ ਨੂੰ ਕੱਟਣ ਲਈ ਖਾਸਾ ਪਰਯਤਨ ਕਰਨਾ ਪੈਂਦਾ ਹੈ ।

ਇਕ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਅਸੀਂ ਆਪਣੀ ਹਕੀਕੀ ਸਿਆਣਪ ਤੋਂ ਵੱਧ ਜੇ ਨਜ਼ਰ ਪੈਣਾ ਲੋਚੀਏ ਤਾਂ "ਚੁੱਪ" ਵਰਗਾ ਸਾਡਾ ਕੋਈ ਸਾਥੀ ਨਹੀਂ । ਘਟੋ ਘੱਟ ਬੋਲਣਾ, ਹੀ ਅਜਿਹਾ ਗੁਰ ਹੈ ਜਿਸ ਨਾਲ ਸਾਡੇ ਅਨੇਕਾਂ ਪਰਦੇ ਢਕੇ ਰਹਿ ਸਕਦੇ ਹਨ ।

ਬਹੁਤੀਆਂ ਗੱਲਾਂ ਕਰਨ ਵਾਲੇ ਨੂੰ ਮੌਕਾ ਦਿਓ ਉਹ ਜੋ ਕੁਝ ਵੀ ਹੈ, ਤੁਹਾਡੇ ਸਾਹਮਣੇ ਸਭ ਕੁਝ ਉਗਲ ਧਰੇਗਾ ।

ਲੋਕਾਂ ਦੇ ਸਾਹਮਣੇ ਨੱਕ ਸੁਣਕਣਾ, ਥੁੱਕਾਂ ਸੁਟਦੇ ਫਿਰਨਾ, ਲੋੜ ਤੋਂ ਵੱਧ ਉਚੀ ਬੋਲਣਾ ਕੁ-ਆਦਤਾਂ ਵਿਚ ਹੀ ਸ਼ਾਮਲ ਹੈ ।

ਇਕ ਭੈਣ ਜੀ ਯਾਦ ਆਏ ਨੇ । ਉਹ ਟੀਪ ਦੇ ਖ਼ਰਜ (ਸੰਗੀਤ ਵਿਚ ਉਪਰਲੇ ਸਾ) ਤੋਂ ਥੱਲੇ ਗੱਲ ਨਹੀਂ ਕਰ ਸਕਦੇ । ਇਕ ਦੋ ਵਾਰ ਮੈਂ ਜਾਣ ਕੇ ਉਹਨਾਂ ਵਾਲੀ ਉੱਚੀ ਸੁਰ ਵਿਚ ਉੱਤਰ ਦਿਤਾ ਉਹਨਾਂ ਬੜੀ ਤਮਕ ਨਾਲ ਆਖਿਆ: ਅਸੀਂ ਕੋਈ ਚੋਰ ਤੇ ਨਹੀਂ ਕਿ ਹੌਲੀ ਗੱਲ ਕਰੀਏ ਸਾਨੂੰ ਕਿਸੇ ਦਾ ਡਰ ਨਹੀਂ । ਆਪਣੇ ਆਪ ਨੂੰ ਹੱਕੀ ਸਾਬਤ ਕਰਨ ਲਈ ਸਾਨੂੰ ਦਲੀਲਾਂ ਦਾ ਆਸਰਾ ਮਿਲ ਸਕਦਾ ਹੈ— ਪਰ ਸਭਿਅਤਾ ਦਾ ਕਾਨੂੰਨ ਐਸਾ ਹੈ ਜੋ ਆਪ ਤੋਂ ਆਪ ਤੁਹਾਡਾ ਮੁਲ ਅੰਗ ਦੇਵੇਗਾ ।

ਕਿਸੇ ਦੇ ਘਰ ਗਿਆਂ ਜੇ ਅਸੀਂ ਉਸ ਦੀ ਮਰਿਆਦਾ ਅਨੁਸਾਰ ਵਰਤਾਉ ਨਹੀਂ ਕਰਦੇ ਤਾਂ ਵੀ ਅਸੀਂ ਗ਼ਲਤੀ ਕਰ ਰਹੇ ਹੁੰਦੇ ਹਾਂ । ਸਾਡੇ ਘਰ ਇਕ ਸਜਣ ਕਦੇ ਕਦੇ ਪਧਾਰਦੇ ਹਨ । ਓਹ ਜੁੱਤੀ ਜਾਂ ਚੱਪਲਾਂ ਪਹਿਨ ਕੇ ਨਿੱਕੀ-ਮੋਟੀ ਦੂਰਾਈ ਤਕ ਜਾਣਾ ਗਵਾਰਾ ਨਹੀਂ ਕਰਦੇ । ਨੰਗੇ ਪੈਰੀਂ ਉਠ ਤੁਰਨਗੇ ਤੇ ਫਿਰ ਵਿਛੇ ਬਿਸਤਰਿਆਂ ਤੇ ਪੈਰ-ਚਿੰਨ੍ਹ ਲਾਈ ਜਾਣਗੇ । ਅਜਿਹੇ ਪਦ-ਚਿੰਨ੍ਹਾਂ ਤੇ ਤੁਰਨਾ ਭਲਾ ਕਦੋਂ ਸ਼ੋਭਾ ਜਨਕ ਹੋ ਸਕਦਾ ਹੈ ।

ਇੰਜ ਤਾਂ ਕਈ ਵਾਰ ਵਧੀਆ ਦਿਸਦੀਆਂ ਇਸਤਰੀਆਂ ਤੇ ਵਿਦਵਾਨ ਜਾਪਦੇ ਪੁਰਸ਼ਾਂ ਦਾ ਵੀ ਹਾਲ ਡਿੱਠਾ ਹੈ ਕਿ ਉਹ ਆਪਣੇ ਘਰ ਦਾ ਕੂੜਾ ਗਲੀ ਵਿਚ ਸੁੱਟਣ, ਅਥਵਾ ਉਪਰੋਂ ਬਿਨਾਂ ਹੇਠਾਂ ਵੇਖਿਆਂ ਵਗਾਹ ਮਾਰਨ । ਹੇਠਾਂ ਕੋਈ ਸ਼ਰੀਫ ਭਾਵੇਂ ਕਿਸੇ ਮਿਤਰ-ਮਿਲਣੀ ਲਈ ਬਣ ਫਬ ਕੇ ਜਾ ਰਿਹਾ ਹੋਵੇ ।

ਦੂਜਿਆਂ ਵਿਚ ਬੈਠਿਆਂ, ਉਠ ਕੇ ਪੈਰ ਮਿਧ ਕੇ ਜਾਣਾ, ਗੋਡੇ ਮਾਰਦੇ ਜਾਣਾ, ਕੋਲ ਬੈਠਿਆਂ ਦੀਆਂ ਪੱਗਾਂ ਡੇਗਦੇ ਜਾਂ ਦਿਲਕਾਂਦੇ ਜਾਣਾ. ਇਹ ਤਾਂ ਕਾਨਫਰੰਸਾਂ, ਇਕੱਠਾਂ ਵਗੈਰਾ ਵਿਚ ਆਮ ਵੇਖਿਆ ਜਾ ਸਕਦਾ ਹੈ – ਇਸ ਵਿਚ ਸਾਡਾ ਸਿਰਫ ਏਨਾ ਹੀ ਕਸੂਰ ਹੁੰਦਾ ਹੈ ਕਿ ਅਸੀਂ ਆਪਣੇ ਨਿਕਲ ਜਾਣ ਨੂੰ ਤਰਜੀਹ ਦਿੰਦੇ ਹਾਂ, ਦੂਜਿਆਂ ਨੂੰ ਭੁਲ ਜਾਂਦੇ ਹਾਂ ਜੋ ਵਕਤਾ ਦੇ ਕਿਸੇ ਵਿਚਾਰ ਨੂੰ ਪੂਰੇ ਗਹੁ ਨਾਲ ਸੁਣ ਰਹੇ ਹੁੰਦੇ ਹਨ ।

ਮੇਰੇ ਇਕ ਨੇੜਿਓਂ ਸੱਜਣ ਹਨ ਉਹ ਤੁਹਾਡੇ ਨਾਲ ਗੱਲ-ਕੱਥ ਵਿਚ ਪਿਆਂ ਨਾਲ ਨਾਲ ਮੱਖੀਆਂ ਦਾ ਵੀ ਸ਼ਿਕਾਰ ਕਰੀ ਜਾਂਦੇ ਹਨ । ਮੱਖੀ ਫੜਨ ਵਿਚ ਉਹ ਏਨੇ ਸਿੱਧ-ਹਸਤ ਹਨ ਕਿ ਉਹਨਾਂ ਦੇ ਸਰੀਰਕ ਖੇਤਰ ਵਿਚ ਆਈ ਮੱਖੀ ਬਚ ਕੇ ਨਹੀਂ ਜਾ ਸਕਦੀ । ਬਿਜਲੀ ਵਾਂਗ ਉਹਨਾਂ ਦਾ ਹੱਥ ਝਪਟਦਾ ਤੇ ਮਲੀਦਾ ਕਰ ਕੇ ਮਖੀ ਦੀ ਮੁਕਤੀ ਕਰ ਦਿਦਾ ਹੈ – ਬੇਸ਼ਕ ਇਹ ਵੀ ਕੁਆਦਤ ਹੈ ।

ਇਕ ਮਿਤਰ ਨੂੰ ਮੇਰੀ ਇਕ ਕਿਤਾਬ ਏਨੀ ਜਚੀ ਕਿ ਮੰਗ ਕੇ ਘਰ ਲੈ ਗਏ । ਮੈਨੂੰ ਉਹ ਸ਼ਲੋਕ ਯਾਦ ਆ ਗਿਆ ਜਿਸ ਵਿਚ ਕਿਹਾ ਗਿਆ ਹੈ :

ਪਰ ਘਰ ਗਈ ਨ ਬਹੁੜਦੀ ਪੋਥੀ, ਲਿਖਣ, ਨਾਰ ।

ਅਤੇ ਕਿਸੇ ਨੂੰ ਵੀ ਮਾਂਗਵੀਂ ਪੁਸਤਕ ਦੇਣ ਲਗਿਆਂ ਇਹ ਤੁਕ ਹਮੇਸ਼ਾ ਮਸਤਕ ਵਿਚ ਨਿਊਨ ਸਾਈਨ ਵਾਂਗ ਚਮਕ ਉਠਦੀ ਹੈ । ਵਾਪਸੀ ਲਈ ਪੱਕੀਆਂ ਪਕਾ ਕੇ ਪੁਸਤਕ ਦੇ ਦਿਤੀ । ਪੁਸਤਕ ਵਾਪਸ ਤਾਂ ਆ ਗਈ ਪਰ ਉਸਦਾ ਅੰਦਰ ਬਾਹਰ ਵੇਖਦਿਆਂ ਮਨ ਵਿਚ ਕਈ ਉਤਰਾਅ-ਚੜ੍ਹਾਅ ਆਏ, ਕਿਉਂ ਕਿ ਸਜਣਾਂ ਨੇ ਅਨੇਕਾਂ ਵਰਕਿਆਂ ਉਤੇ ਕਲਮ ਦੇ ਕਮਾਲ ਵਾਹੇ ਹੋਏ ਸਨ । ਅੱਵਲ ਤਾਂ ਸਾਨੂੰ ਕੋਈ ਅਧਿਕਾਰ



Namdhari Elibrary NamdhariElibrary@gmail.com

ਨਹੀਂ ਹੁੰਦਾ ਕਿ ਅਸੀਂ ਕਿਸੇ ਦੀ ਪੁਸਤਕ ਤੇ ਮਨ ਪਸੰਦ ਵਾਕਾਂ ਨੂੰ ਲੀਕੀਏ ਜਾਂ ਹਾਸ਼ੀਏ ਤੇ ਲਿਖੀਏ ਪਰ ਉਸ ਨੇ ਤਾਂ ਕਈ ਤਿਤਰ-ਮੋਰ ਤੇ ਮਾਡਰਨ ਆਰਟ ਦੇ ਨਮੂਨੇ ਵਾਹ ਰਖੇ ਸਨ।

ਕੁਝ ਸਜਣਾਂ ਨੇ 'ਮੰਗਣ' ਦਾ ਅਧਿਕਾਰ ਸੁਰੱਖਿਅਤ ਕਰਵਾ ਲਿਆ ਹੁੰਦਾ ਹੈ। ਉਹਨਾਂ ਨੂੰ ਕਿਸੇ ਦੀ ਵਧੀਆ ਕਲਮ, ਖੂਬਸੂਰਤ ਬਾਲਪੈੱਨ, ਚਾਕੂ ਜਾਂ ਨਿਤ-ਲੋੜੀਂਦੀਆਂ ਚੀਜ਼ਾਂ ਚੋਂ ਕੋਈ ਵਸਤੂ ਜਚ ਗਈ ਤਾਂ ਫਰਮਾਇਸ਼ ਨਾਲ ਥੋੜੀ ਜਿਹੀ ਜ਼ਿਦ ਵੀ ਚਲ ਜਾਂਦੀ ਹੈ। ਮਨੋਰਥ ਹੁੰਦਾ ਹੈ ਅਗਲੇ ਕੋਲ ਉਹ ਵਸਤੂ ਨ ਰਹਿਣ ਦੇਣੀ। ਅਜਿਹੇ ਸੱਜਣ ਇਹ ਸਮਝਣ ਦੀ ਕੋਸ਼ਸ਼ ਨਹੀਂ ਕਰਦੇ ਕਿ ਉਹਨਾਂ ਦਾ ਵੀ ਕੋਈ ਸ਼ੌਕ ਹੋ ਸਕਦਾ ਹੈ। ਜਾਂ ਅਜਿਹਆਂ ਵਧੀਆ ਦਿਸਦੀਆਂ ਚੀਜ਼ਾ ਰਖਦੇ ਹਨ ਤੇ ਉਹ ਸ਼ੌਕ ਦਾ ਮੁਲ ਤਾਰਨ ਲਗਿਆਂ ਜਰੂਰ ਅਪਣੀ ਜੇਬ ਨੂੰ ਹੌਲਿਆਂ ਕਰਦੇ ਹਨ। ਪਰ ਅਜਿਹੇ ਲੋਕਾਂ ਦੀ ਇਕੋ ਰਟ ਹੁੰਦੀ ਹੈ: "ਤੂੰ ਤਾਂ ਕਿਤੋਂ ਹੋਰ ਵੀ ਲੈ ਲਵੇਂਗਾ। ਛੱਡ ਯਾਰ ਤੂੰ ਇਹ ਕੀ ਕਰਨੀ ਏਂ।"

ਸ਼ੇਖੂਪੁਰ ਦੇ ਇਲਾਕੇ ਵਿਚੋਂ ਮੇਰੀ ਵਾਕਫ਼ੀ ਵਿਚ ਇਕ ਬੈਲੀ ਆਏ। ਗੱਲਾਂ ਬਾਤਾਂ ਸੁਣਨ ਤੋਂ ਪਤਾ ਲੱਗਾ ਕਿ ਉਹ ਨਾਮੀ-ਗਰਾਮੀ ਆਦਮੀ ਹਨ। ਉਹਨਾਂ ਰਉਂ ਵਿਚ ਆਇਆਂ ਦੱਸਿਆ ਕਿ ਕਿਸੇ ਦੇ ਕਿੱਲੇ ਬੱਝੀ ਵਧੀਆ ਦਿਸਦੀ ਮੱਝ ਦਾ ਦੁੱਧ ਪੀ ਲਈਦੇ ਤਾਂ ਓਨਾ ਚਿਰ ਹਜ਼ਮ ਹੀ ਨਹੀਂ ਹੁੰਦਾ ਜਦ ਤਕ ਉਹ ਕਿਸੇ ਨ ਕਿਸੇ ਤਰੀਕੇ ਸਾਡੇ ਘਰ ਜਾਂ ਕਬਜੇ ਵਿਚ ਨਾ ਆ ਜਾਵੇ। ਦੁੱਧ ਅੰਦਰ ਜਾਂਦਿਆਂ ਹੀ ਵਿਉਂਤਾਂ ਦੀ ਲੜੀ ਜਾਰੀ ਹੋ ਜਾਂਦੀ ਹੈ ਕਿ ਮੱਝ ਨੂੰ ਕਿਸ ਤਰੀਕੇ ਨਾਲ ਚੁਰਾਣਾ, ਭਜਾਣਾ ਜਾਂ ਨਕਾਰਿਆਂ ਕਰ ਜਾਣਾ ਹੈ।

ਜ਼ਰਾ ਸੋਚੋ, ਕੀ ਅਸੀਂ ਅਜਿਹੇ ਸਜਣਾਂ ਨੂੰ ਮਿਲਣ ਦੀ ਕਾਮਨਾ ਕਰ ਸਕਦੇ ਹਾਂ?

ਕੁਝ ਲੋਕ ਤੁਰੇ-ਤੁਰੇ ਜਾਂਦਿਆਂ ਮੂੰਹ ਮਾਰੀ (ਕੁਝ ਨ ਕੁਝ ਖਾਂਦੇ) ਜਾਣ ਦੇ ਆਦੀ ਹੁੰਦੇ ਹਨ—ਨਾ ਉਹ ਇੰਜ ਫਬਦੇ ਹੀ ਹਨ ਤੇ ਨਾ ਹੀ ਇਸ ਨਾਲ ਰਾਹ-ਖਹਿੜੇ ਦਾ ਕੁਝ ਸਵਾਰਦੇ ਹਨ, ਸਗੋਂ ਛਿੱਲੜਾਂ ਸੁਟਦਿਆਂ ਬੇਪਰਵਾਹੀ ਨਾਲ ਤੁਰੇ ਜਾਂਦੇ ਸੜਕਾਂ ਅਤੇ ਰਾਹ ਗੰਦੇ ਕਰਦੇ ਜਾਂਦੇ ਹਨ। ਬੱਸਾਂ, ਬੱਸ ਅੱਡਿਆਂ, ਰੇਲਵੇ ਸਟੇਸ਼ਨਾਂ ਤੇ ਖਾਣ ਪੀਣ ਦੀਆਂ ਚੀਜ਼ਾਂ ਦੀ ਰਹਿੰਦ ਖੂੰਹਦ ਅਤੇ ਕਾਗਜ਼ ਪਤਰਿਆਂ ਦੇ ਟੁਕੜਿਆਂ ਨਾਲ ਹਰ ਜਗਹ ਗੰਦੇ ਕਰਦੇ ਜਾਣਾ ਸਾਡੀ ਸੁਭਾਵਕ ਕਿਰਿਆ ਹੈ। ਇਸ ਉਤੇ ਕਾਬੂ ਪਾਣਾ ਵਧੀਆ ਦਿੱਸਣ ਲਈ ਵੀ ਜ਼ਰੂਰੀ ਹੈ ਤੇ ਕੌਮੀ ਚਰਿੱਤਰ ਨੂੰ ਉਚਾ ਚੁਕਣ ਲਈ ਵੀ ਲਾਜ਼ਮੀ ਹੈ।

ਤੁਸੀਂ ਐਸੇ ਆਦਮੀ ਵੀ ਵੇਖੋਗੇ ਜੋ ਤੁਹਾਡੇ ਨਾਲ ਗੱਲਬਾਤ ਕਰਦਿਆਂ ਨੱਕ-ਚੂਹਿਆਂ ਨਾਲ ਜੰਗ ਲੜ ਰਹੇ ਹੋਣਗੇ ਜਾਂ ਉਹ ਕੰਨਾਂ ਵਿਚ ਉਂਗਲਾਂ ਹੀ ਬਾਰ ਬਾਰ ਫੇਰੀ ਜਾਣਗੇ। ਕਿਸੇ ਮੌਕੇ ਤੇ ਅਜਿਹਾ ਕਰਨਾ ਸਾਡੀ ਅਜ਼ਹਦ ਲੋੜ ਹੋ ਸਕਦੀ ਹੈ—ਪਰ ਇਹਨਾਂ ਹਰਕਤਾਂ ਨੂੰ ਆਦਤ ਦਾ ਭਾਗ ਬਣਾ ਲੈਣਾ ਸ਼ੋਭਦਾ ਨਹੀਂ।

ਇਕ ਸਜਣ ਨੂੰ ਉਹਦੇ ਦਫਤਰ ਮਿਲਣ ਗਿਆਂ ਉਹਨਾਂ ਦਾ ਇਕ ਸਿਆਹੀ ਸੰਪਲਾਇਰ ਆਇਆ। ਉਹ ਆਪ ਸਿਆਹੀ ਬਨਾਣ ਦੀ ਫੈਕਟਰੀ ਦਾ ਮਾਲਕ ਵੀ ਸੀ। ਦਰਸ਼ਨੀ ਤੇ ਖੂਬ-ਸੂਰਤ ਨੌਜੁਆਨ। ਕਾਰੋਬਾਰ ਦੇ ਟ੍ਰਿਕ ਤਾਂ ਉਹ ਜਾਣਦਾ ਸੀ ਪਰ ਉਸ ਨੇ 10 ਮਿੰਟ ਦੀ ਗੱਲਬਾਤ ਵਿਚ 15—20 ਵੇਰ "ਮੇਰੇ ਕਹਿਣ ਦਾ ਮਤਲਬ ਹੈ" ਫਿਕਰੇ ਦੀ ਵਰਤੋਂ ਕੀਤੀ। ਅਜਿਹੀ ਬਾਰ ਬਾਰ ਵਰਤੋਂ ਨੂੰ 'ਤਕੀਆ ਕਲਾਮ' ਕਿਹਾ ਜਾਂਦਾ ਹੈ। ਉਸ ਦੇ ਬੈਠਿਆਂ ਬੈਠਿਆਂ ਸੁਭਾਵਕ ਹੀ ਸਾਡੇ ਮਨ ਵਿਚ ਹਰ ਫਿਕਰੇ ਦੇ ਮੁੱਢ ਵਿਚ 'ਮੇਰਾ ਕਹਿਣ ਦਾ ਮਤਲਬ ਹੈ' ਆ ਜਾਵੇ। ਉਸ ਦੇ ਜਾਣ ਪਿਛੋਂ ਸੱਜਣ ਨੇ ਉਹਦਾ ਜ਼ਿਕਰ ਇੰਜ ਕੀਤਾ: ਮੇਰੇ ਕਹਿਣ ਦਾ ਮਤਲਬ ਹੈ ਕਿ "ਮੇਰੇ ਕਹਿਣ ਦਾ ਮਤਲਬ" ਚਲਾ ਗਿਆ।

ਅਸਲ ਵਿਚ ਸਾਡੀ ਸੁਹਜ-ਸੁਆਦ ਵਲੋਂ ਬੇਧਿਆਨੀ ਹੀ ਅਜਿਹੀਆਂ ਕੁ-ਆਦਤਾਂ ਪੈਦਾ ਕਰਦੀ ਹੈ। ਜੇ ਅਸੀਂ ਤਹੱਈਆ ਕਰ ਲਈਏ ਕਿ ਜਿਹੜੀ ਆਦਤ ਰਤੀ ਭਰ ਵੀ ਦੂਜਿਆਂ ਨੂੰ ਰੜਕਦੀ ਹੈ ਉਹ ਨਹੀਂ ਰਹਿਣ ਦੇਣੀ ਜਾਂ, ਜਿਸ ਬਾਰੇ ਸਾਨੂੰ ਕਿਸੇ ਸੱਜਣ ਮਿੱਤਰ ਵਲੋਂ ਸੋਧਿਆਂ ਕੀਤਾ ਗਿਆਂ ਹੈ ਉਸ ਕੁਆਦਤ ਨੂੰ ਸੁਆਦਤ ਵਿਚ ਬਦਲ ਦੇਣਾ ਹੈ ਤਾਂ ਅਮੋੜ ਤੋਂ ਅਮੋੜ ਆਦਤ ਵੀ ਅਸੀਂ ਸਵਾਰ ਸਕਾਂਗੇ।

ਇਹ ਭਾਵਨਾ ਏਸੇ ਉਦੇਸ਼ ਨਾਲ ਬਲਵਾਨ ਹੋ ਸਕਦੀ ਹੈ ਕਿ ਅਸਾਂ ਸੁਹਣਿਆਂ ਬਣਨਾ ਤੇ ਦੁਨੀਆਂ ਖੂਬਸੂਰਤ ਬਨਾਣੀ ਹੈ।



Namdhari Elibrary NamdhariElibrary@gmail.com

ਕਹਾਣੀ

# ਛੱਲੀਏ

— ਤਰਲੋਕ ਮਨਸੂਰ

ਪ੍ਰਭਾਤ ਫੇਰੀ ਪਿਛਲੇ ਇਕ ਹਫਤੇ ਤੋਂ ਨਿਕਲ ਰਹੀ ਸੀ। ਆਤਮਾ ਮੇਰੀ ਅਜੇ ਸੁਪਨਿਆਂ ਦੀ ਵਾਦੀ ਵਿਚ ਵਿਚਰ ਰਹੀ ਹੁੰਦੀ ਕਿ ਇਕ ਮੱਧਮ ਸੁਰ ਮੇਰੇ ਕੰਨਾਂ ਵਿਚ ਸ਼ਹਿਦ ਘੋਲਦੀ :—"ਰਾਮ ਜਪ ਪਿਆਰੇ, ਰਾਮ ਜਪ ਲੈ।"

ਨੀਂਦ ਦਾ ਜਾਦੂ ਟੁਟਦਾ। ਮੇਰੀ ਆਤਮਾ ਸੁਪਨ-ਨਗਰੀ ਦੀ ਸੀਮਾ ਨੂੰ ਲੰਘ ਆਉਂਦੀ। ਬਿਸਤਰੇ ਦੀ ਨਿਘ ਦਾ ਅਹਿਸਾਸ ਜਾਗਦਾ। ਦੂਰੋਂ ਆਉਂਦੀ ਸੈਂਕੜੇ ਗਲਿਆਂ 'ਚੋਂ ਉਠੀ 'ਰਾਮ-ਧੁਨ' ਨੇੜੇ ਆਈ ਜਾਂਦੀ। ਢੋਲਕੀ ਵਜਦੀ, ਛੈਣੇ ਛੈਣੀਆਂ ਛਣਕਦੀਆਂ, ਖੜਤਾਲਾਂ ਝੁਮਰ ਪਾਂਦੀਆਂ ਤੇ ਅਨੇਕ ਨਰ ਨਾਰੀਆਂ ਦਾ ਇਕਠ—"ਉਠ ਬੰਦਿਆ ਤੇਰੇ ਨਾਮ ਜਪਣ ਦਾ ਵੇਲਾ" ਮਧੁਰ ਲੈਅ ਵਿਚ ਗਾਂਦਾ, ਮੇਰੀ ਗਲੀ ਵਿਚੋਂ ਲੰਘ ਜਾਂਦਾ।

ਇਹ ਠੀਕ ਹੈ ਕਿ ਮੈਂ ਕਿਸੇ ਅਖੌਤੀ ਰਬ ਨੂੰ ਨਹੀਂ ਮੰਨਦਾ। ਏਸ ਹਿਸਾਬ ਮੈਂ ਨਾਸਤਕ ਹੀ ਸਹੀ. ਪਰ ਅੰਮ੍ਰਿਤ ਵੇਲਾ ਹੋਵੇ, ਆਕਾਸ਼ ਉਤੇ ਤਾਰੇ ਖਿੜੇ ਹੋਏ ਹੋਣ। ਚਾਰ ਚੁਫੇਰਾ ਸ਼ਾਂਤ ਹੋਵੇ। ਅਜੇਹੇ ਵਾਤਾਵਰਣ ਵਿਚ ਸੰਗੀਤ ਦੀ ਧੁਨੀ ਉਠ ਰਹੀ ਹੋਵੇ, ਤਾਂ ਕਿਹੜਾ ਰੱਸਕ ਦਿਲ ਹੈ ਜੋ ਉਠ ਕੇ ਝੂਮਣ ਨਾ ਲਗ ਪਵੇ ?

ਰਾਤ ਭਾਵੇਂ ਮੈਂ ਦੇਰ ਨਾਲ ਹੀ ਸੁਤਾ ਸਾਂ, ਤਾਂ ਵੀ ਸਵੇਰੇ ਚਾਰ ਕੁ ਵਜੇ ਨਾਲ ਜਦ—'ਉਠ ਬੰਦਿਆ ਤੇਰੇ ਨਾਮ ਜਪਣ ਦਾ ਵੇਲਾ' ਦੀ ਅਵਾਜ਼ ਮੇਰੀ ਕੰਨੀ ਪਈ ਤਾਂ ਮੈਂ ਇਕ ਮਿੰਟ ਵੀ ਹੋਰ ਬਿਸਤਰੇ ਵਿਚ ਨਾ ਰਹਿ ਸਕਿਆ। ਉਠਿਆ, ਮੂੰਹ ਹਥ ਧੋਤਾ, ਓਵਰ ਕੋਟ ਪਹਿਨਿਆ ਤੇ ਵਿਚੋਂ ਲੰਘਦੀ ਪ੍ਰਭਾਤ ਫੇਰੀ ਦੀ ਸੰਗਤ ਵਿਚ ਜਾ ਰਲਿ ।

ਸਭ ਤੋਂ ਅਗੇ ਇਕ ਆਦਮੀ ਸੀ, ਜਿਸ ਭਗਵੀਂ ਧੋਤੀ ਪਹਿਨੀ ਹੋਈ ਸੀ। ਸਿਰ ਤੇ ਭਗਵੀਂ ਪਗ ਤੇ ਹਥ ਵਿਚ ਭਗਵੇਂ ਰੰਗ ਦਾ ਝੰਡਾ।

ਕੋਈ ਚਾਰ ਕਦਮ ਪਿਛੇ ਸਾਜ਼ ਵਜਾਣ ਵਾਲੇ ਸਨ। ਉਹਨਾਂ ਦੇ ਨਾਲ ਸੈਂਕੜੇ ਮਰਦ, ਤੀਵੀਆਂ ਪ੍ਰਭੂ ਭਗਤੀ ਦੇ ਰੰਗ ਵਿਚ ਰੱਤੇ ਝੂਮ ਝੂਮ ਭਜਨਾਂ ਦੁਆਰਾ ਹਰੀ ਦੀ ਉਸਤਤ ਗੌਂ ਰਹੇ ਸਨ। ਸ਼ਾਮ ਦੇ ਘੁਸਮੁਸੇ ਵਿਚ ਜਿਵੇਂ ਇਕ ਇਕ ਕਰਕੇ ਤਾਰਿਆਂ ਦੀ ਮਹਿਫਲ ਜੁੜਦੀ ਹੈ ਤਿਵੇਂ ਇਕ ਇਕ ਕਰਕੇ ਘਰਾਂ ਚੋਂ ਨਿਕਲ ਨਿਕਲ ਲੋਕ ਏਸ ਭਜਨ ਮੰਡਲੀ ਵਿਚ ਸ਼ਾਮਲ ਹੁੰਦੇ ਜਾ ਰਹੇ ਸਨ।

"ਉਠ ਪਿਆਰਿਆ ਤੇਰੇ ਨਾਮ ਜਪਣ ਦਾ ਵੇਲਾ।"

ਇਹ ਬੋਲ ਪਹਿਲਾਂ ਬੜੀ ਲਟਕ ਨਾਲ ਜਲੂਸ ਦੇ ਅਗਲੇ ਹਿਸੇ 'ਚੋਂ ਉਠਦੇ, ਫਿਰ ਵਿਚਕਾਰੋਂ ਤੇ ਅਖੀਰ ਇਹੀ ਬੋਲ ਤੀਵੀਆਂ ਚੁਕ ਲੈਂਦੀਆਂ।

ਸ਼ਹਿਰ ਦੇ ਵਡੇ ਮੰਦਰ ਤੋਂ ਜਦੋਂ ਇਹ ਪ੍ਰਭਾਤ ਫੇਰੀ ਚਲੀ ਸੀ, ਸ਼ਾਇਦ ਇਹਦੇ ਵਿਚ ਦਸ ਪਰੇਮੀ ਹੋਣਗੇ, ਪਰ ਹੁਣ ਜਦ ਇਹ ਜਲੂਸ ਗਾਂਧੀ ਗਰਾਊਂਡ ਪਹੁੰਚਾ ਇਹ ਗਿਣਤੀ ਹਜ਼ਾਰਾਂ ਤੀਕ ਪਹੁੰਚ ਚੁਕੀ ਸੀ।

ਚੜ੍ਹਦੇ ਵਲੋਂ ਸ਼ੁਕਰ ਤਾਰਾ ਆਪਣੇ ਅੰਗ ਰਖਸ਼ਕ ਸਮੇਤ ਪੰਧ ਤੇ ਪੈ ਚੁਕਾ ਸੀ। ਲੋਅ ਲਗ ਚੁਕੀ ਸੀ ਤੇ ਤਾਰਿਆਂ ਦੀ ਲੋਅ ਮਧਮ ਪੈਂਦੀ ਜਾ ਰਹੀ ਸੀ।

ਪੜ੍ਹਨ ਵਾਲਿਆਂ ਨੇ ਭਜਨ ਦੀ ਆਖਰੀ ਤੁਕ ਪੜ੍ਹੀ ਤੇ ਫੇਰ ਝੰਡੇ ਵਾਲੇ ਨੇ ਝੰਡੇ ਨੂੰ ਉਚਾ ਲਹਿਰਾਂਦਿਆਂ ਗਰਜਵੀਂ ਅਵਾਜ਼ ਵਿਚ ਕਿਹਾ—ਮਾਸਟਰ ਰਤਨ ਲਾਲ ?

ਮਜਮੇਂ ਵਿਚ ਹਜ਼ਾਰਾਂ ਗਲੇ ਚਿੱਲਾਏ—ਜ਼ਿੰਦਾਬਾਦ।

ਸਾਡੇ ਵੋਟ ਦਾ ਸਹੀ ਹੱਕਦਾਰ ?

ਮਾਸਟਰ ਰਤਨ ਲਾਲ।

ਤੇ ਫਿਰ ਇਕ ਆਦਮੀ ਪਬਾਂ ਭਾਰ ਹੋ ਹੋ ਉਸ ਪਾਰਟੀ ਦੇ ਕਾਰਨਾਮੇ ਲੋਕਾਂ ਨੂੰ ਸੁਣਾਣ ਲਗ ਪਿਆ, ਜਿਸ ਪਾਰਟੀ ਨਾਲ ਮਾਸਟਰ ਰਤਨ ਲਾਲ ਸੰਬੰਧਤ ਸੀ।

ਪਿੰਡ ਗੋੜ ਗੰਜ, ਡਾ: ਹਰੀਪੁਰ ਨਾਟਕ
ਜ਼: ਨੈਨੀਤਾਲ, ਯੂ. ਪੀ.



Namdhari Elibrary NamdhariElibrary@gmail.com



Approved By Department of :

AGRICULTURE PUNJAB GOVERNMENT

High Class Manufacturers of :

- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS



QUALITY MARKED

DEPARTMENT OF AGRICULTURE PUNJAB GOVT. QUALITY MARK

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ

ਬਨਾਉਣ ਵਾਲੇ।

TRADE **JASPAL** MARK

Grams : HABI INDUSTRIES Phone : 2737

## *HABI INDUSTRIES (Regd.)*

10 Industrial Area

PHGWARA – 144401 (Pb.)



Namdhari Elibrary NamdhariElibrary@gmail.com

# ਗੁਰਬਾਣੀ ਦੇ ਚਾਨਣ ਵਿਚ ਹੱਥਾਂ-ਪੈਰਾਂ ਦਾ ਸਦ-ਉਪਯੋਗ

—ਪ੍ਰੋ: ਕੁਲਦੀਪ ਸਿੰਘ ਹਉਰਾ

ਗੁਰਮਤਿ ਤਿਆਗ ਨਹੀਂ ਸਿਖਾਂਦਾ ਸਗੋਂ ਗ੍ਰਿਹਸਤ ਵਿਚ ਰਹਿ ਕੇ ਹਸਦਿਆਂ, ਖੇਡਦਿਆਂ, ਖਾਂਦਿਆਂ, ਪਹਿਨ-ਦਿਆਂ ਮੁਕਤੀ ਪਰਾਪਤ ਕਰਨ ਦਾ ਰਾਹ ਦੱਸਦਾ ਹੈ। ਗੁਰਬਾਣੀ ਅਨੁਸਾਰ ਜੀਵਨ ਦਾ ਮੁੱਢ ਪਾਪ ਤੋਂ ਨਹੀਂ ਹੁੰਦਾ ਜੀਵਨ ਨਾਂ ਹੀ ਬੁਰਾਈ ਹੈ ਨਾਂ ਹੀ ਇਹ ਦੁਖਦਾਈ ਹੈ, ਸਗੋਂ ਮਨੁੱਖੀ ਜੀਵਨ ਤਾਂ ਵਾਹਿਗੁਰੂ ਵਲੋਂ ਮਿਲਿਆ ਇਕ ਵਰਦਾਨ ਹੈ, ਢੋਆ ਹੈ। ਪ੍ਰਮਾਤਮਾ ਆਪ ਸਤਿ ਹੈ ਇਸ ਲਈ ਉਸਦੀ ਪੈਦਾ ਕੀਤੀ ਹਰ ਸ਼ੈ ਵੀ ਸਤਿ ਹੈ,

"ਆਪ ਸਤਿ ਕੀਆ ਸਭ ਸਤਿ'

ਗੁਰਬਾਣੀ ਵਿਚ ਇਸ ਸੰਸਾਰ ਨੂੰ 'ਭੂਮਿ ਰੰਗਾਵਲੀ' ਕਿਹਾ ਹੈ ਤੇ 'ਸੁਹਾਵਨੜੀ ਉਮਰ' ਤੇ 'ਸੁਵੰਨੜੀ ਦੇਹ' ਲਈ ਪ੍ਰੇਰਨਾ ਦਿਤੀ ਗਈ ਹੈ। ਇਸ ਸਰੀਰ ਵਿਚ ਹਰੀ ਦੀ ਜੋਤ ਵਸਦੀ ਹੈ, "ਏ ਸਰੀਰਾ ਮੇਰਿਆ ਹਰਿ ਤੁਮ ਮਹਿ ਜੋਤਿ ਰੱਖੀ ਤਾ ਤੂ ਜਗਿ ਮਹਿ ਆਇਆ।" ਇਸ ਲਈ ਅਰੋਗ ਤੇ ਕੰਚਨ ਵਰਗੀ ਦੇਹੀ ਦੀ ਮੰਗ ਕੀਤੀ ਗਈ ਹੈ। ਇਕ ਅਰੋਗ ਸਰੀਰ ਵਿਚ ਹੀ ਅਰੋਗ ਮਨ ਹੋ ਸਕਦਾ ਹੈ। ਅਰੋਗ ਜੀਵਨ ਰਾਹੀਂ ਹੀ ਪ੍ਰਮਾਤਮਾ ਨਾਲ ਲਿਵ ਲਾਈ ਜਾ ਸਕਦੀ ਹੈ। ਜਿਸ ਠਾਕੁਰ ਨੇ ਸਰੀਰਕ ਅੰਗ ਅੱਖਾਂ, ਨੱਕ, ਕੰਨ, ਜੀਭਾ, ਹੱਥ ਪੈਰ ਦਿਤੇ ਹਨ ਉਸਦਾ ਧੰਨਵਾਦ ਕਰਨਾ ਬਣਦਾ ਹੈ।

"ਪੇਖਨ ਕਉ ਨੇਤ੍ਰ, ਸੁਨਨ ਕਉ ਕਰਨਾ।
ਹਸਤ ਕਮਾਵਨ, ਬਾਸਨ ਰਸਨਾ।
ਚਰਨ ਚਲਨ ਕਉ, ਸਿਰ ਕੀਨੋ ਮੇਰਾ।
ਮਨ ਤਿਸ ਠਾਕੁਰ ਕੇ ਪੂਜਹੁ ਮਦ ਪੈਰਾ।"

ਕਿੰਨੀ ਸਰਲ ਭਾਸ਼ਾ ਵਿਚ ਕਿਹਾ ਗਿਆ ਹੈ ਕਿ ਜਿਸ ਨੇ ਤੈਨੂੰ ਹੱਥ, ਪੈਰ, ਕੰਨ, ਅੱਖਾਂ ਤੇ ਜੀਭਾ ਦਿਤੀ ਹੈ ਤੂ ਕਿਉਂ ਉਸ ਨੂੰ ਛੱਡਕੇ ਹੋਰ ਪਾਸੇ ਲੱਭ ਰਿਹਾ ਹੈਂ,

"ਦੀਨੇ ਹਸਤ, ਪਾਵ, ਕਰਨ, ਨੇਤਰ. ਰਸਨਾ।
ਤਿਸਹਿ ਤਿਆਗ ਅਵਰ ਸੰਗ ਰਚਨਾ।"

ਅਜ ਅਸੀਂ ਗੁਰਬਾਣੀ ਦੇ ਚਾਨਣ ਵਿਚ ਕੇਵਲ ਹੱਥਾਂ ਪੈਰਾਂ ਦੇ ਸਦ-ਉਪਯੋਗ ਬਾਰੇ ਗੱਲਬਾਤ ਕਰਾਂਗੇ। ਗੁਰਬਾਣੀ ਅਨੁਸਾਰ ਹੱਥ ਤੇ ਪੈਰ ਉਹ ਹੀ ਸਫਲ ਹਨ ਜੋ ਸੁਕ੍ਰਿਤ ਕਰਦੇ ਹਨ, ਜੋ ਸਾਧੂ ਸੰਗਤ ਵਿਚ ਜਾਂਦੇ ਹਨ, ਜੋ ਪਰਉਪਕਾਰ ਕਰਦੇ ਹਨ, ਜੋ ਦੁਖੀ ਦਾ ਦੁਖ ਵੰਡਦੇ ਹਨ ਜੋ ਤਪਦੇ ਹਿਰਦੇ ਉਤੇ ਸ਼ਾਂਤੀ ਦੀ ਮਰਮ ਲਗਾਉਂਦੇ ਹਨ, ਜੋ ਆਪ ਬਿਖੜਾ ਪੈਂਡਾ ਭਾਗ ਕੇ ਲੋਕਾਂ ਲਈ ਰਾਹ ਦੇ ਕੰਡੇ ਚੁਣ ਲੈਂਦੇ ਹਨ। ਗੁਰੂ ਸਾਹਿਬ ਦਾ ਫੁਰਮਾਨ ਹੈ ਜੁ ਚਰਨ ਗੋਬਿੰਦ ਦੇ ਮਾਰਗ ਉਪਰ ਚਲਦੇ ਹਨ ਜੋ ਹੱਥ ਹਰੀ ਦੇ ਦਸੇ ਅਨੁਸਾਰ ਕਰਮ ਕਰਦੇ ਹਨ, ਜੋ ਕੰਨ ਹਰੀ ਦੀ ਕਥਾ ਸੁਣਦੇ ਹਨ ਉਹ ਦਰਗਾਹ ਵਿਚ ਪ੍ਰਵਾਨ ਹੁੰਦੇ ਹਨ।

"ਚਰਨਿ ਚਲਉ ਮਾਰਗਿ ਗੋਬਿੰਦੁ। ਮਿਟਹਿ ਪਾਪ ਜਪੀਐ ਹਰਿਬਿੰਦ। ਕਰ ਹਰਿ ਕਰਮ,ਸ੍ਰਵਿਨ ਹਰਿ ਕਥਾ। ਹਰਿ ਦਰ-ਗਹ ਨਾਨਕ ਉਜਲ ਮਥਾ।"



Namdhari Elibrary NamdhariElibrary@gmail.com

ਹੱਥ ਉਹੀ ਹੀ ਸੁਚੱਜੇ ਹਨ ਜੋ ਦਸਾਂ ਨਹੁੰਆਂ ਦੀ ਕਿਰਤ ਕਰਦੇ ਹਨ, ਸੇਵਾ ਵਿਚ ਲਗਦੇ ਹਨ ਤੇ ਦਾਨ ਪੁੰਨ ਕਰਦੇ ਹਨ, ਨਾਂ ਕਿ ਉਹ ਜੋ ਸਮਾਜ ਦੇ ਬੁਰੇ ਲਈ ਤਤਪਰ ਰਹਿੰਦੇ ਹਨ ਜਾਂ ਗਰੀਬਾਂ ਤੇ ਨਿਰਦੋਸ਼ਾਂ ਉਤੇ ਉਠਦੇ ਹਨ। ਗੁਰੂ ਸਾਹਿਬ ਦਾ ਕਥਨ ਹੈ। 'ਘਾਲ ਖਾਇ ਕਿਛੁ ਹਥਹੁ ਦੇਇ। ਨਾਨਕ ਰਾਹ ਪਛਾਣਹਿ ਸੇਇ''

'ਹੱਥ ਕਾਰ ਵੱਲ ਦਿਲ ਯਾਰ ਵੱਲ'' ਐਸਾ ਮਾਕੂਲਾ ਹੈ ਜਿਸ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਕੇਵਲ ਨਾਮ ਜਪਣਾ ਪਰ ਹਥੀਂ ਕਿਰਤ ਨਾ ਕਰਨਾ ਸਤਿਗੁਰੂ ਨੂੰ ਨਹੀਂ ਭਾਉਂਦਾ। ਸਗੋਂ ਕਿਰਤ ਕਰਦਿਆਂ ਹੋਇਆਂ ਵੀ ਪ੍ਰਭੂ ਚਰਨਾਂ ਵਿਚ ਚਿਤ ਲਗਾਈ ਰਖਣਾ ਸਫਲ ਜੀਵਨ ਹੈ। ਇਸ ਵਿਚਾਰ ਨੂੰ ਕਬੀਰ ਸਾਹਿਬ ਨੇ ਭਗਤ ਨਾਮ ਦੇਵ ਤੇ ਭਗਤ ਤਿਲੋਚਨ ਵਿਚਕਾਰ ਗਲਬਾਤ ਦੁਆਰਾ ਬੜੇ ਖੂਬ-ਸੂਰਤ ਢੰਗ ਨਾਲ ਪੇਸ਼ ਕੀਤਾ ਹੈ, ''ਨਾਮਾ ਮਾਇਆ ਮੋਹਿਆ, ਕਹੈ ਤਿਲੋਚਨੁ ਮੀਤ। ਕਾਹੇ ਛੀਪਹੁ ਛਾਇ ਲੈ ਰਾਮ ਨ ਲਾਵਹੁ ਚੀਤ। ਨਾਮਾ ਕਹੇ ਤਿਲੋਚਨਾ, ਮੁੱਖ ਤੇ ਰਾਮ ਸੰਭਾਲ। ਹਾਥ ਪਾਉ ਕਰ ਨਾਮ ਸਭ, ਚੀਤ ਨਿਰੰਜਨ ਨਾਲ।'' ਹੱਥ ਤੇ ਪੈਰ ਉਹੀ ਹੀ ਪਵਿਤ੍ਰ ਹਨ ਜੋ ਹਰੀ ਜਸ ਦਾ ਲੇਖਾ ਕਰਦੇ ਤੇ ਧਰਮ ਦੇ ਮਾਰਗ ਚਲਦੇ ਹਨ। ਗੁਰੂ ਰਾਮ ਦਾਸ ਜੀ ਦਾ ਕਥਨ ਹੈ, ''ਤੇ ਹਸਤ ਪੁਨੀਤ ਪਵਿਤ੍ਰ ਹਹਿ ਮੇਰੀ ਜਿੰਦੜੀਏ ਜੋ ਹਰਿ ਜਸ ਹਰਿ ਹਰਿ ਲੇਖਹਿ ਰਾਮ। ਤਿੰਨ ਜਨ ਕੇ ਪਗ ਨਿਤ ਪੂਜੀਅਹਿ ਮੇਰੀ ਜਿੰਦੁੜੀਏ ਜੋ ਮਾਰਗਿ ਧਰਮ ਚਲੇ ਸਹਿ ਰਾਮ।''

ਇਕ ਹੋਰ ਤੁਕ ਰਾਹੀਂ ਇਸ ਵਿਚਾਰ ਦੀ ਪੁਸ਼ਟੀ ਕੀਤੀ ਗਈ ਹੈ, ''ਹਰਿ ਜਸ ਲਿਖਹਿ ਬਿਅੰਤ ਸੋਹਹਿ ਸੇ ਹੱਥਾ। ਹਰਨ ਪੁਨੀਤ ਪਵਿਤ੍ਰ ਚਾਲਹਿ ਪ੍ਰਭਾ ਪੱਥਾ।'' ਪੈਰ ਉਹੀ ਹੀ ਸ਼ੋਭਨੀਕ ਹਨ ਜੋ ਪ੍ਰਭੂ ਪਾਸੇ ਲੈ ਜਾਣ, ਸੀਸ ਉਹੋ ਹੀ ਪਵਿਤਰ ਹੈ ਜੋ ਪ੍ਰਭੂ ਚਰਨਾਂ ਵਿਚ ਲਗੇ। ਮੁਖ ਉਹੋ ਚੰਗਾ ਜੋ ਹਰੀ ਦਾ ਜਸੁ ਗਾਵੇ। ਕਥਨ ਹੈ, ''ਪਾਵ ਸੁਹਾਵੇ ਜਾਂ ਤਉ ਧਿਰ ਜੁਲਦੇ, ਸੀਸ ਸੁਹਾਵਾ ਚਰਣੀ। ਮੁੱਖ ਸੁਹਾਵਾ ਜਾ ਤਉ ਜਸ ਗਾਵੈ ਜੀਉ ਪਾਇਆ ਤਉ ਸਰਣੀ।

ਦੂਸਰੇ ਦੀ ਕਮਾਈ ਲੁਟਨ ਵਾਲੇ, ਗਰੀਬਾਂ ਉਤੇ ਹੱਥ ਚੁੱਕਣ ਵਾਲੇ ਵਿਕਾਰਾਂ ਦੇ ਰਸਤੇ ਚਲਣ ਵਾਲੇ ਪ੍ਰਮਾਤਮਾ ਦੀ ਕਿਰਪਾ ਦੇ ਪਾਤਰ ਨਹੀਂ ਹੋ ਸਕਦੇ। ਦੂਸਰੇ ਦੀ ਕਮਾਈ ਖੋਹ ਲੈਣ ਵਾਲੇ ਹੱਥਾਂ ਨੂੰ ਤੇ ਵਿਕਾਰਾਂ ਵਾਲੇ ਪਾਸੇ ਚਲਣ ਵਾਲੇ ਪੈਰਾਂ ਨੂੰ ਨਿਸਫਲ ਕਿਹਾ ਗਿਆ ਹੈ। ''ਮਿਥਿਆ ਹਸਤ ਪਰ ਦਰਬ ਕਉ ਹਿਰਹਿ'' (ਤੇ) ''ਮਿਥਿਆ ਚਰਨ ਪਰ ਵਿਕਾਰ ਕਉ ਧਾਵਹਿ'' ਜੋ ਪੈਰ ਨੇਕ ਰਸਤੇ ਚਲਦੇ ਹਨ ਉਹ ਪੂਜਨ ਯੋਗ ਹਨ, ਜੋ ਸੱਚੇ ਨੂੰ ਹਿਰਦੇ ਅੰਦਰ ਧਿਆਉਂਦੇ ਹਨ ਉਹ ਮੰਦੇ ਪਾਸ ਨਹੀਂ ਚਲਦੇ ਉਹ ਧਰਮ ਦੀ ਕਿਰਤ ਕਰਦੇ ਹਨ, ਗੁਰੂ ਕਥਨ ਹੈ, ''ਸੇਵ ਕੀਤੀ ਸੰਤੋਖੀਈ ਜਿੰਨੀ ਸਚੋ ਸਚੁ ਧਿਆਇਆ, ਓਨੀ ਮੰਦੈ ਪੈਰ ਨਾ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ।'' ਲੋੜਵੰਦਾਂ ਦੀ ਸੇਵਾ ਤੋਂ ਬਿਨਾਂ ਹੱਥਾਂ ਪੈਰਾਂ ਦੀ ਕਾਰ ਨਿਹਫਲ ਹੈ, ''ਵਿਣੁ ਸੇਵਾ ਧ੍ਰਿਗ ਹੱਥ ਪੈਰ ਹੋਰ ਨਿਹਫਲ ਕਰਨੀ'' ਗੁਰਬਾਣੀ ਅਨੁਸਾਰ ਮਨੁੱਖ ਦਾ ਕਰਤਵ ਹੈ ਕਿ ਦੂਸਰਿਆਂ ਦੇ ਆਸਰੇ ਹੀ ਨਾ ਰਹੇ ਸਗੋਂ ਪਰੇਰਨਾ ਦਿਤੀ ਗਈ ਹੈ ਕਿ ਆਪਣੇ ਹਕ ਕਾਰਜ ਲਈ ਆਪ ਤਤਪਰ ਹੋਵੇ, ''ਆਪਣੇ ਹੱਥੀਂ ਆਪਣਾ ਆਪੇ ਹੀ ਕਾਜੁ ਸਵਾਰੀਐ।'' ਕਿਤਨਾ ਇਨਕਲਾਬੀ ਸਿਧਾਂਤ ਹੈ।

ਗੁਰਬਾਣੀ ਵਿਚ ਹਥਾਂ ਪੈਰਾਂ ਨੂੰ ਭਲੇ ਪਾਸੇ ਲਗਾਉਣ ਤੇ ਇਹਨਾਂ ਦਾ ਸਦਉਪਯੋਗ ਕਰਨ ਦੀ ਵਿਆਖਿਆ ਹੈ ਪਰ ਅਜਿਹੇ ਗੁਣ ਮਨੁੱਖ ਅੰਦਰ ਆਉਂਦੇ ਵੀ ਤਾਂ ਹੀ ਹਨ ਜੇਕਰ ਉਹ ਆਪਣੇ ਅੰਦਰੋਂ ਹਉਮੈ ਦਾ ਤਿਆਗ ਕਰਕੇ ਪ੍ਰਭੂ ਚਰਨਾਂ ਨਾਲ ਆਪਣਾ ਮਨ ਜੋੜੇ। ਅਜੇਹਾ ਕਰਨ ਨਾਲ ਜਨਮ ਜਨਮ ਦੇ ਪਾਪ ਲਹਿ ਜਾਂਦੇ ਹਨ, ਜਿਵੇਂ, ''ਚਰਨ ਕਮਲ ਰਾਖਹੁ ਮਨ ਮਾਹਿ। ਜਨਮ ਜਨਮ ਕੇ ਕਿਲਵਿਖ ਜਾਇ।''ਸਤਿਗੁਰ ਦੇ ਚਰਨੀਂ ਲਗਿਆਂ ਸਭ ਕੰਮ ਸੰਪੂਰਨ ਹੁੰਦੇ ਹਨ ਤੇ ਭਉਜਲ, ਬਿਖਮ ਅਸਗਾਹ ਹਰ ਸਾਗਰ ਵਿੱਚੋਂ ਗੁਰੂ ਆਪ ਕੱਢ ਲੈਂਦਾ ਹੈ। ''ਭਉਜਲ ਬਿਖਮੁ ਅਸਗਹੁ ਗੁਰਿ ਬੋਹਿਥੈ ਤਾਰਿਅਮ। ਨਾਨਕ ਪੂਰ ਕਰੰਮ ਸਤਿਗੁਰ ਚਰਨੀ ਲਗਿਆਂ।''

ਜੋ ਪ੍ਰਭੂ ਦੇ ਚਰਨਾਂ ਕਮਲਾਂ ਦੀ ਓਟ ਰਖਦੇ ਹਨ, ਉਹ ਨਿਰਭਉ ਹੋ ਜਾਂਦੇ ਹਨ ਤੇ ਸਤਿਗੁਰੂ ਆਪ ਉਹਨਾਂ ਦਾ ਉਧਾਰ ਕਰ ਦੇਂਦਾ ਹੈ। ਕਥਨ ਹੈ, ''ਚਰਨ ਕਮਲ ਕੀ ਓਟ ਉਧਰੇ ਸਗਲ ਜਨ। ਸੁਣਿ ਪਰਤਾਪ ਗੋਬਿੰਦ ਨਿਰਭਉ ਭਏ ਮਨ।''



Namdhari Elibrary NamdhariElibrary@gmail.com

ਇਸੇ ਲਈ ਸਤਿਗੁਰੂ ਆਪ ਗੁਰੂ ਦੇ ਦਰਸ਼ਨ ਕਰਨ ਤੇ ਚਰਨਾਮਤ ਲੈਣ ਦੀ ਲਾਲਸਾ ਰੱਖਦੇ ਫੁਰਮਾਂਦੇ ਹਨ, ਗੁਰਕਾ ਦਰਸਨੁ ਦੇਖ ਦੇਖ ਜੀਵਾਂ। ਗੁਰ ਕੇ ਚਰਨ ਧੋਇ ਧੋਇ ਪੀਵਾਂ"। ਗੁਰੂ ਦੇ ਚਰਨ ਇਤਨੇ ਮਹਾਨ ਹਨ ਕਿ ਇਨ੍ਹਾਂ ਨੂੰ ਨਮਸਕਾਰਿਆਂ ਮਨ ਅੰਦਰੋਂ ਕਾਮ, ਕ੍ਰੋਧ ਆਦਿ ਬੁਰਾਈਆਂ ਦੂਰ ਹੋ ਜਾਂਦੀਆਂ ਹਨ, "ਗੁਰ ਕੇ ਚਰਣ ਕਮਲ ਨਮਸਕਾਰ। ਕਾਮ ਕ੍ਰੋਧ ਇਸ ਤਨ ਤੇ ਮਾਰ।" ਮਨ ਅੰਦਰੋਂ ਹੰਕਾਰ ਦੂਰ ਹੋ ਜਾਂਦਾ ਹੈ ਤੇ ਮਨੁੱਖ ਨਿਮਾਣਾ ਹੋਕੇ ਸੇਵਾ ਵਿਚ ਜੁੱਟ ਜਾਂਦਾ ਹੈ।

ਗੁਰੂ ਸਾਹਿਬ ਦਾ ਪ੍ਰੇਰਨਾਂ ਭਰਿਆ ਕਥਨ ਹੈ, "ਮੈਂ ਬੱਧੀ ਸਚ ਧਰਮਸਾਲ ਹੈ। ਗੁਰਸਿੱਖਾ ਲਹਿਦਾ ਭਾਲ ਕੇ। ਪੈਰ ਧੋਵਾ, ਪੱਖਾ ਫੇਰਦਾ, ਤਿਸ ਨਿਵ ਨਿਵ ਲਾਗਾ ਪਾਇ ਜੀਉ" ਗੁਰੂ ਦੇ ਚਰਨਾਂ ਨਾਲ ਲੱਗਿਆਂ ਅੰਦਰੋ ਵੈਰ ਭਾਵਨਾ ਮੁੱਕ ਜਾਂਦੀ ਹੈ, "ਬੰਧਨ ਤੋਰਿ ਭਏ ਨਿਰ ਵੈਰ, ਅਨੁਦਿਨ ਪੂਜੁਹਿਗੁਰ ਕੇ ਪੈਰ।" ਉਹ ਮਨੁੱਖ ਫੇਰ, ਮੰਦੇ ਕੰਮਾਂ ਵਿਚ ਨਹੀਂ ਪੈਂਦਾ ਸਗੋਂ ਧਰਮ ਦੀ ਕਮਾਈ ਕਰਦਾ ਹੈ, "ਓਨੀ ਮੰਦੈ ਪੈਰੁ ਨਾ ਰਖਿਓ ਕਰਿ ਸੁਕ੍ਰਿਤ ਧਰਮੁ ਕਮਾਇਆ।" ਗੁਰੂ ਚਰਨਾ ਦੇ ਦਰਸ਼ਨ ਕਰਨੇ ਤਾਂ ਹੀ ਸਫਲ ਹਨ ਜੇਕਰ ਮਨੁੱਖ ਚਰਨ ਪਰਸ ਕੇ ਚੰਗੇ ਕੰਮ ਕਰੇ, ਭੈੜਿਆਂ ਕੰਮਾਂ ਤੋਂ ਬਚੇ। ਗੁਰੂ ਸਾਹਿਬ ਦਾ ਉਪਦੇਸ਼ ਹੈ, "ਸਫਲ ਦਰਸ਼ਨ ਪੇਖਤ ਪੁਨੀਤ। ਪਰਸਤ ਚਰਨ ਗਤਿ ਨਿਰਮਲ ਰੀਤ।"

ਗੁਰੂ ਦੇ ਚਰਨੀ ਲਗਿਆਂ, ਕਾਮ, ਕਰੋਧ, ਲੋਭ, ਮੋਹ, ਹੰਕਾਰ ਅਥਵਾ ਹੋਰ ਬੁਰਾਈਆਂ ਦਾ ਤਿਅਗ ਕਰਨ ਵਾਲੇ ਗੁਰਸਿਖ ਨੂੰ 'ਧੰਨ ਧੰਨ' ਕਿਹਾ ਗਿਆ ਹੈ। "ਧੰਨ ਧੰਨ ਸੋ ਗੁਰਸਿਖ ਕਹੀਐ, ਜੋ ਸਤਿਗੁਰ ਚਰਨੀ ਜਾਇ ਪਾਇਆ।

ਗੁਰੂ ਸਾਹਿਬ ਦਾ ਵਿਸ਼ਵਾਸ ਹੈ ਕਿ ਗੁਰੂ ਦੇ ਚਰਨ ਕਮਲ ਹਿਰਦੇ ਵਿਚ ਵਸਾਇਆਂ ਮਨੁੱਖ ਆਵਾ-ਗਵਨ ਤੋਂ ਛੁੱਟ ਜਾਂਦਾ ਹੈ, ਅਵਰ ਉਪਾਵ ਸਭਿ ਮੀਤ ਬਿਸਾਰਹੁ। ਚਰਨ ਕਮਲ ਰਿਦ ਮਹਿ ਉਰਧਾਰਹੁ" (ਅਤੇ) "ਆਵਨੁ ਜਾਨੁ ਨ ਹੋਵੀ ਤੇਰਾ। ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ"।

ਗੁਰੂ ਸਾਹਿਬ ਥਾਂ ਪਰ ਥਾਂ ਗੁਰਬਾਣੀ ਵਿਚ ਅਜਿਹੇ ਸੰਕੇਤ ਦੇਂਦੇ ਹਨ ਕਿ ਮੇਰਾ ਮਨ ਪ੍ਰਭੂ ਚਰਨਾਂ ਵਿਚ ਜੁੜ ਜਾਵੇ, ਕੋਈ ਅਜੇਹਾ ਵਡਭਾਗੀ ਸੰਤ ਮਿਲੇ ਜੋ ਮੈਨੂੰ ਅਕਾਲ ਪੁਰਖ ਨਾਲ ਜੋੜ ਦੇਵੇ ਤੇ ਪਰਮਾਤਮਾ ਮੇਰੇ ਤੇ ਕਿਰਪਾ ਕਰਕੇ ਮੇਰਾ ਨਿਸਤਾਰਾ ਕਰ ਦੇਵੇ। ਜਿਵੇਂ, "ਪ੍ਰਭ ਮਿਲਬੇ ਕਉ ਪ੍ਰੀਤ ਮਨਿ ਲਾਗੀ। ਪਾਇ ਲਗਉ ਮੋਹਿ ਕਰਉ ਬੇਨਤੀ ਕੋਊ ਸੰਤ ਮਿਲੇ ਬਡਭਾਗੀ।" ਜਾਂ "ਜਨ ਨਾਨਕ ਕਉ ਗੁਰ ਕਿਰਪਾ ਧਾਰੀ ਪ੍ਰਭਿ ਹਾਥ ਦੇਹ ਨਿਸਤਾਰੇ।"

ਇਸ ਸੰਖੇਪ ਜਿਹੇ ਸਰਵੇਖਣ ਵਿਚ ਅਸੀਂ ਵੇਖਿਆ ਹੈ ਕਿ ਸਮੁੱਚੇ ਤੋਰ ਤੇ ਮਨੁੱਖੀ ਸਰੀਰ ਤੇ ਖਾਸ ਕਰਕੇ ਹੱਥਾਂ-ਪੈਰਾਂ ਰਾਹੀਂ ਗੁਰੂ ਸਾਹਿਬ ਨੇ ਸਾਨੂੰ ਨੈਤਿਕਤਾ ਵਾਲੇ ਉਹ ਸਦ-ਉਪਯੋਗੀ ਗੁਣ ਗ੍ਰਹਿਣ ਕਰਨ ਦੀ ਪਰੇਰਨਾ ਦਿਤੀ ਹੈ ਤੇ ਸਮਝਾਇਆ ਹੈ ਕਿ ਮਨੁੱਖਾ ਜਨਮ ਦਾ ਲਾਹਾ ਤਾਂ ਹੀ ਹੈ ਜੇਕਰ ਅਸੀਂ ਮਨੁੱਖੀ ਅੰਗਾਂ ਰਾਹੀਂ ਕੀਤੇ ਕੰਮ ਲੋਕ-ਭਲਾਈ, ਸਮਾਜ ਭਲਾਈ ਤੇ ਸਰਬਤ ਮਨੁੱਖਤਾ ਦੇ ਲਾਭ ਲਈ ਕਰੀਏ।

ਉਹਨਾਂ ਨੇ ਨੇਕ ਕੰਮ ਕਰਨ, ਧਰਮ ਦੀ ਕਿਰਤ ਕਰਨ ਲੋੜਵੰਦਾਂ ਦਾ ਭਲਾ ਕਰਨ, ਸੇਵਾ ਕਰਨ, ਹੱਥੀ ਕੰਮ ਕਰਨ, ਪਰ-ਉਪਕਾਰ ਕਰਨ, ਚੰਗੇ ਰਸਤੇ ਚਲਣ ਤੇ ਦਵੈਤ ਭਾਵ ਛਡਣ ਦਾ ਉਪਦੇਸ਼ ਦਿੱਤਾ ਹੈ ਤੇ ਕਿਰਤ ਦੀ ਵਡਿਆਈ ਕਰਦਿਆਂ ਵਿਹਲੜ ਤੇ ਹੰਕਾਰੀ ਨੂੰ ਫ਼ਟਿਆਇਆ ਹੈ।

—16 ਤਸੀਲਪੁਰਾ
ਅਮ੍ਰਿਤਸਰ

- ਹਥ ਯੰਤਰਾਂ ਦਾ ਯੰਤਰ ਹੈ ਤੇ ਦਿਮਾਗ ਰੂਪਾਂ ਦਾ ਰੂਪ।
—ਅਰਸਤੂ

- ਹੱਥ ਸੁੱਚੀ ਕਿਰਤ ਕਰਨ ਲਈ ਬਣਾਏ ਸਨ।
ਲੁਟਣ ਜਾਂ ਚੋਰੀਆਂ ਕਰਨ ਲਈ ਨਹੀਂ।
— ਇਸਾਕ ਵਾਟਸ



Namdhari Elibrary NamdhariElibrary@gmail.com

# ਇਕ ਮੁਲਾਕਾਤ
# ਬਹੁਪੱਖੀ ਕਲਾਕਾਰ
# 'ਸੁਮੇਰ' ਨਾਲ

—ਤੁਲੀ

? ਭਾਰਤੀ ਤੇ ਖਾਸ ਤੌਰ ਉਤੇ ਪੰਜਾਬੀ ਜੀਵਨ, ਸਾਹਿਤ, ਕਲਾ ਤੇ ਸਭਿਆਚਾਰ ਦਾ ਮੈਂ ਇਕ ਨਿਮਾਣਾ ਜਿਹਾ ਜਗਿਆਸੂ ਹਾਂ, ਤੇ ਇਸ ਬਾਰੇ ਕੁਝ ਕਰਨ ਵਿਚ ਹੀ ਯਥਾਸ਼ਕਤ ਲਗਾ ਰਹਿੰਦਾ ਹਾਂ, ਇਸ ਕਰਕੇ ਅੱਜ ਪੰਜਾਬੀ ਜਗਤ ਵਿਚ ਕਲਾ, ਸਾਹਿਤ, ਸਟੇਜੀ ਕਵਿਤਾ ਤੇ ਗੀਤਾਂ ਆਦਿ ਬਾਰੇ ਉਭਰ ਰਹੇ ਦਿਲਚਸਪ ਸੰਕਟਾਂ ਉੱਤੇ ਵਿਚਾਰ ਕਰਨ ਲਈ ਤੁਸਾਡੇ ਪਾਸੋਂ ਕਾਫੀ ਕੁਝ ਪੁੱਛਣਾ ਚਾਹਾਂਗਾ ਤੇ ਕਿਉਂਕਿ ਤੁਹਾਡੀ ਕਲਾ ਤੇ ਸਾਹਿਤ ਦੀ ਇਕ ਉਮਰ ਦੀ ਤਪੱਸਿਆ ਬਾਰੇ ਵੀ ਹਿੰਦੀ ਤੇ ਪੰਜਾਬੀ ਦੇ ਚੋਟੀ ਦੇ ਮਾਸਕ-ਪੱਤਰਾਂ ਵਿਚ ਕਾਫੀ ਕੁਝ ਦੇਖਿਆ ਹੈ, ਇਸ ਕਰਕੇ ਤੁਹਾ ਬਾਰੇ ਵੀ ਕੁਝ ਪੁੱਛਣਾ ਹੈ।

—ਹਾਂ ਹਾਂ, ਚੰਗਾ ਕੀਤਾ ਤੁਸਾਂ ਪੱਤਰ ਲਿਖ ਕੇ ਸ ਕਢਵਾ ਲਿਆ, ਨਹੀਂ ਤਾਂ......ਸਮਾਂ ਬੁਰੀ ਬਲਾਅ ਬਾ ......ਕਿਸੇ ਅੱਤ ਹੀ ਮਜਬੂਰੀ ਦੀ ਗੱਲ ਵੱਖਰੀ ਹੈ, ਜਦੋਂ ਕੋਈ ਸਾਹਿਤਕਾਰ ਜ਼ਿੰਦਗੀ ਦੀਆਂ ਸਧਾਰਨ ਉਲਝ ਵਿਚ ਫਸਿਆ ਸਾਹਿਤ ਜਾਂ ਕਲਾ ਲਈ ਸਮਾਂ ਕੱਢਣ ਦਲੇਰੀ ਗੁਆ ਬਹਿੰਦਾ ਹੈ ਜੋ ਉਹਨੂੰ ਆਪਣਾ 'ਅਸ ਜੀਵਨ' ਕਹਿੰਦਾ ਸਾਹ ਨਹੀਂ ਲੈਂਦਾ......ਉਸ ਤੋਂ ਮੈ ਬੜੀ ਘਿਰਣਾ ਹੋ ਜਾਂਦੀ ਹੈ, ਭਾਵੇਂ ਮੈਂ ਆਪ ਹੀ ਕਿਉਂ ਹੋਵਾਂ......ਪਰ......

? ਠੀਕ ਹੈ, ਜਿਸ ਸਾਹਿਤਕਾਰ ਦਾ ਜੀਵਨ ਕ ਤੋਂ ਵੱਖਰੀ ਤਰ੍ਹਾਂ ਦਾ ਹੈ, ਆਪਣੀ ਕਲਾ ਤੇ ਲੋਕਾਂ ਨਾ ਸੁਹਿਰਦ ਨਹੀਂ, ਉਹ ਮੈਨੂੰ ਵੀ ਦੰਭੀ ਹੀ ਜਾਪਦਾ ਹੈ। ਤੁਹਾਡਾ ਏਨਾ ਵਕਤ ਲੈਣ ਲਗਿਆਂ, ਤੇ ਏਨੇ ਵਧੇਰੇ ਪ੍ਰ ਲੈ ਕੇ ਆਉਣ ਲੱਗਿਆਂ ਰਤਾ ਵੀ ਬੋਝ ਮਹਿਸੂਸ ਨ ਹੋਇਆ।

—ਸ਼ੁਕਰੀਆ ਸ਼ੁਕਰੀਆ !!

? ਪਹਿਲਾਂ, ਤੁਹਾਡੀ ਕਵਿਤਾ ਦੀ ਪੁਸਤਕ 'ਦਰਵਾ ਵਿਸ਼ੇਸ਼ ਕਾਵਿ-ਚਿੱਤਰਾਂ ਸਹਿਤ' ਨੂੰ ਆਲ ਇੰਡੀਆ ਐਵਾਰ ਮਿਲਣ ਦੀ ਵਧਾਈ—ਤੇ ਤੁਹਾਡੀ ਲੇਖਾਂ ਦੀ ਪੁਸਤਕ 'ਮੈ ਕਿ ਜ਼ਿੰਦਗੀ—ਵਿਸ਼ੇਸ਼ ਲੇਖ-ਚਿੱਤਰਾਂ ਸਹਿਤ' ਬਾਰੇ ਦੂਹਰੀ ਵਧਾਈ। ਤੇ ਹੋਰ ਪੁਸਤਕਾਂ ?

—ਦੂਹਰਾ ਸ਼ੁਕਰੀਆ—ਹੋਰ ਛਪਣ ਵਾਲੀਆਂ ਪੁ ਤਕਾਂ ਬਾਰੇ, ਉਪਰੋਕਤ ਛਪ ਚੁਕੀਆਂ ਪੁਸਤਕਾਂ ਵਿਚ ਜ਼ਿਕ ਹੈ। ਹਾਂ ਮੈਂ ਉਰਦੂ ਵਿਚ ਵੀ ਗ਼ਜ਼ਲਾਂ ਲਿਖਦਾ ਹਾਂ, ਇ ਪੁਸਤਕ ਵੀ ਛਪੇਗੀ ਸਚਿੱਤਰ।

? ਪਹਿਲਾਂ ਤੁਸੀਂ ਲੇਖਕ ਬਣੇ ਕਿ ਚਿਤਰਕਾਰ ?

—ਕਿਤੇ ਵੀ ਲਕੀਰ ਨਹੀਂ ਖਿੱਚ ਸਕਦਾ। ਛੋ ਉਮਰ ਤੋਂ ਏਨਾ ਯਾਦ ਹੈ ਸੋਹਣੇ ਆਕਾਰ, ਭਾਵੇਂ ਰੂਪਾਂ ਰੰਗ ਦੀ ਹਾਲਤ ਵਿਚ ਹੁੰਦੇ, ਕਿਸੇ ਐਕਸ਼ਨ, ਸ਼ਬਦਾਂ, ਧੁਨ ਸੋਹਣੇ ਅੱਖਰਾਂ ਜਾਂ ਰੇਖਾਵਾਂ ਦੀ ਹਾਲਤ ਵਿਚ ਵੀ, ਇ ਮਨ ਨੂੰ ਮੋਹ ਜਿਹਾ ਜਾਂਦੇ ਸਨ। ਤੇ ਇਸ ਵੇਲੇ ਜੋ ਵ ਕਾਪੀ ਕਾਗਜ਼ ਜਾਂ ਕਿਤਾਬ ਹਥ ਵਿਚ ਹੁੰਦੀ, ਮੈਂ ਗੁਣ ਗੁਣ



Namdhari Elibrary NamdhariElibrary@gmail.com

ਕੇ ਕੁਝ ਲਿਖਦਾ ਵੀ ਤੇ ਉਲੀਕਦਾ ਵੀ। ਇਸ ਤਰ੍ਹਾਂ ਮੇਰੀਆਂ ਸਕੂਲੀ ਕਿਤਾਬਾਂ ਕਾਪੀਆਂ ਦੇ ਵਰਕੇ ਊਲ-ਜਲੂਲ ਨਾਲ ਭਰੇ ਰਹਿੰਦੇ, ਬਹੁਤਾ ਬਾਹਰਲੇ ਆਕਾਰਾਂ ਨਾਲ, ਤੇ ਇਹ ਆਕਾਰ ਕਵਿਤਾ ਜਾਂ ਵਿਚਾਰ ਤੋਂ ਸੱਖਣੇ ਬਿਲਕੁਲ ਨਾ ਹੁੰਦੇ।

? ਪਹਿਲਾਂ ਤੁਸੀਂ ਕਵਿਤਾ ਜਾਂ ਸਾਹਿਤ ਰਚਦੇ ਓ ਕਿ ਚਿੱਤਰ ?

—ਛਪਣ ਯੋਗ ਚਿੱਤਰ, ਮੈਂ ਅਜ ਤੋਂ ਪੰਝੀ ਸਾਲ ਪਹਿਲਾਂ ਤੋਂ ਹੀ ਬਣਾਉਣੇ ਆਰੰਭ ਕੀਤੇ ਸਨ, ਪਰ ਕਵਿਤਾ ਤੇ ਨਿਬੰਧ ਆਦਿ, ਹੁਣ ਤੋਂ ਪੰਤਾਲੀ ਸਾਲ ਪਹਿਲਾਂ ਤੋਂ—ਸੋ ਕਵਿਤਾ ਤੇ ਸਾਹਿਤ ਪਹਿਲਾਂ ਤੇ ਚਿੱਤਰ ਮਗਰੋਂ ਹੀ ਸਮਝੋ।

? ਸਾਹਿਤ ਤੇ ਚਿਤ੍ਰਕਾਰੀ ਵਿਚ ਤੁਸੀਂ ਕਿਹੜੇ ਕਿਹੜੇ ਪਹਿਲੂਆਂ ਵਿਚ ਬਰਾਬਰਤਾ ਸਮਝਦੇ ਓ ?

—ਦੋਹਾਂ ਕਲਾਵਾਂ ਦਾ ਖੇਤਰ ਆਪੋ-ਆਪਣਾ ਹੈ। ਅੱਜ ਦਾ ਚਿਤ੍ਰਕਾਰ ਚਿੱਤ੍ਰਕਲਾ ਨੂੰ ਕੇਵਲ ਦਿਖਾਊ (Visual) ਕਲਾ ਹੀ ਗਿਣਦਾ ਹੈ, ਵਿਚਾਰ ਨਾਲ ਕੋਈ ਲੰਮਾ ਚੌੜਾ ਸੰਬੰਧ ਨਹੀ ਮੰਨਦਾ। ਪਰ ਮੈਂ ਮੰਨਦਾ ਹਾਂ ਕਿਸੇ ਹਦ ਤਕ, ਕਲਪਣਾ ਤੇ ਵਿਚਾਰ ਬਰਾਬਰ ਦੇ, ਪਰ ਸ਼ਬਦਾਂ ਦੀ ਗੱਲ ਹੋਰ ਹੈ। ਚਿੱਤ੍ਰਕਲਾ, ਦੇਖਣ-ਦਿਖਾਉਣ ਦੇ ਖੇਤਰ ਵਿਚ ਲਾਜਵਾਬ ਹੈ, ਤੇ ਸਾਹਿਤ ਜ਼ਿੰਦਗੀ ਦੇ ਵਿਚਾਰ ਫਲਸਫੇ ਤੇ ਭਾਵਾਂ ਨਾਲ ਕਦਮ ਮੇਲਦਾ ਹੈ। ਕਵਿਤਾ ਵੀ ਤਾਂ ਅਦਿੱਖ ਦਾ ਪ੍ਰਗਟਾਅ ਹੈ, ਤੇ ਸਮੁੱਚਾ ਸਾਹਿਤ ਵੀ ਬਹੁਤ ਹਦ ਤੀਕ।

? ਸਾਹਿਤ ਤੇ ਚਿੱਤ੍ਰਕਾਰੀ ਵਿਚ ਤੁਸੀਂ ਕਿਹੜੇ ਤੱਤ ਅਤਿ ਜ਼ਰੂਰੀ ਸਮਝਦੇ ਓ ?

—ਸਾਹਿਤ ਤੇ ਚਿੱਤ੍ਰਕਲਾ ਬਾਰੇ 'ਤੱਤ' ਦੀ ਗੱਲ ਪੁਛ ਕੇ ਤੁਸੀਂ, ਇਹਨਾ ਬਾਰੇ ਮੇਰੇ ਨਿਜੀ ਤੇ ਅੱਤ...ਸੰਘਰਸ਼ ਦੀ ਤੀਬਰਤਾ ਤੇ ਕੂਲੇ-ਪਨ ਤੋਂ ਪਰਦਾ ਉਠਾਉਣਾ ਚਾਹੁੰਦੇ ਓ ਚੰਗੀ ਗੱਲ ਹੈ। ਆਪਣੀ ਛਪੀ ਪੁਸਤਕ 'ਦਰਵਾਜ਼ਾ' ਵਿਚ ਸ੍ਰ: ਸੁਜਾਨ ਸਿੰਘ ਜੀ ਦੇ ਪੁੱਛਣ ਉਤੇ ਮੈਂ ਦਸਿਆ ਹੈ—"ਅਰਥ ਤੇ ਮੁੱਲ ਦੀ ਗੱਲ"...ਤੇ ਸੰਖੇਪ ਵਿਚ ਏਸੇ ਨੂੰ 'ਤੱਤ' ਵੀ ਕਹਿ ਸਕਦਾ ਹਾਂ। ਅਰਥ ਤੇ ਮੁੱਲ ਦੀ ਗੱਲ ਜ਼ਿੰਦਗੀ ਦੇ ਠੋਸ ਤੱਤਾਂ 'ਚੋਂ ਹੀ ਪੈਦਾ ਹੁੰਦੀ ਹੈ, ਜਿਨ੍ਹਾਂ ਵਿਚ ਕਲਾਕਾਰ ਨੂੰ ਜ਼ਿੰਦਗੀ ਦੀਆਂ ਚਲੰਤ ਤੇ ਬੁਨਿਆਦੀ ਹਕੀਕਤਾਂ ਤੋਂ ਕਦੇ ਵੀ ਅਵੇਸਲਾ ਨਹੀਂ ਰਹਿਣਾ ਚਾਹੀਦਾ, ਅਰਥਾਤ ਅਰੋਗ ਜਜ਼ਬਿਆਂ ਦੀ ਬੁਨਿਆਦ ਵਾਲੇ ਚੇਤਨਤਾ ਦੇ ਤੱਤ।

? ਤੁਹਾਡੀ ਪਸੰਦ ਦੇ ਚਿੱਤ੍ਰਕਾਰ—ਤੇ ਉਹ ਤੁਹਾਨੂੰ ਕਿਉਂ ਪਸੰਦ ਹਨ ?

—ਮੇਰੀ ਪਸੰਦ ਦੇ ਚਿੱਤ੍ਰਕਾਰ ਕੁਝ-ਕੁਝ ਯਥਾਰਥ-ਵਾਦੀ (REALISTIC) ਵੀ ਹਨ, ਜਿਹਾ ਕਿ ਅੰਗਰੇਜ਼ੀ ਮਾਈਕਲ ਏਂਜੀਲੋ, ਪਾਲ ਗੋਗਿਨ, ਲਾਰਡ ਲੇਟਿਨ, ਭਾਰਤੀ ਰਾਜਾ ਰਵੀ ਵਰਮਾ, ਤੇ ਪੰਜਾਬ ਦੇ ਕਿਰਪਾਲ ਸਿੰਘ, ਸੋਹਣ ਸਿੰਘ, ਠਾਕਰ ਸਿੰਘ, ਸੋਭਾ ਸਿੰਘ, ਕਸ਼ਮੀਰ ਸਿੰਘ ਕਾਂਜ਼ੀ ਆਦਿ। ਇਹ ਮਹਾਨ ਮਨੁੱਖ ਅਤੇ ਮਹਾਨ ਕਲਾਕਾਰ ਹਨ। ਜਿਥੋਂ ਤੱਕ ਇਹਨਾ ਦੀ ਕਲਾ ਦਾ ਸਬੰਧ ਹੈ, ਮੈਂ ਇਸ ਬਾਰੇ ਆਪਣੀ ਪਸੰਦ ਨੂੰ 'ਆਰੰਭਕ' ਸਮਝਦਾ ਹਾਂ 'ਬੁਨਿਆਦੀ' ਬਿਲਕੁਲ ਨਹੀਂ, ਕਿਉਂਕਿ ਮੇਰਾ ਗੂੜ੍ਹਾ ਪੱਧਰਾ ਸੰਬੰਧ ਸਾਹਿਤਕ ਤੇ ਕਲਾਤਮਕ ਕੀਮਤਾਂ ਨਾਲ ਹੋਣ ਕਰਕੇ, ਮੈਨੂੰ ਮਨੁੱਖੀ ਜੀਵਨ ਦੀਆਂ ਅੰਦਰ-ਬਾਹਰਲੀਆਂ ਸਦੀਵੀ ਤੇ ਵਿਕਾਸਸ਼ੀਲ ਹਕੀਕਤਾਂ ਨਾਲ ਡੂੰਘਾ ਵਾਸਤਾ ਰਹਿੰਦਾ ਹੈ। ਏਸ ਕਰਕੇ ਮੈਨੂੰ ਉਹ ਸਾਰੇ ਹੀ ਚਿੱਤ੍ਰਕਾਰ ਸਭ ਤੋਂ ਵਧ ਚੰਗੇ ਲਗਦੇ ਹਨ ਜੋ ਕਿਸੇ ਹਦ ਭਾਵੁਕ ਤੇ ਉਪ-ਭਾਵੁਕ ਆਦਿ (ABSTRACT, SUR-REALISTIC) ਉਤੇ-ਜਨਾ ਵਾਲੇ ਵੀ ਹਨ, ਤੇ ਕਲਾ ਤੇ ਜੀਵਨ ਸਬੰਧੀ ਉਚੇਚੀ ਘਾਲ ਘਾਲਣ ਵਾਲੇ ਵੀ। ਇਹਨਾ ਵਿਚੋਂ ਅੰਗਰੇਜ਼ੀ 'ਵੈਨ-ਗਾਫ, ਐਲਬਰਟ ਡਰਰ, ਪਿਕਾਸੋ, ਪੰਜਾਬ ਦੇ ਈਸ਼ਵਰ (ਸਵਰਗਵਾਸੀ), ਇਸ ਤੋਂ ਛੁਟ ਅਜੀਤ ਜੱਬਲ, ਬੀ. ਐਮ. ਆਨੰਦ, ਹੁਸੈਨ, ਪਰਕਾਸ਼ (ਸ੍ਰ: ਅਵਤਾਰ ਸਿੰਘ ਆਜ਼ਾਦ ਦੇ ਸਪੁਤਰ), ਦੇਵ ਤੇ ਹਰਕਿਸ਼ਨ ਲਾਲ ਲੁਧਿਆਣਾ, ਜਸਵੰਤ ਸਿੰਘ ਦਿਲੀ, ਇਮਰੋਜ਼ (ਇੰਦਰਜੀਤ), ਮੁਗ਼ਲ ਤੇ ਕਾਂਗੜਾ ਸ਼ੈਲੀ ਦੇ ਜਗਤ-ਪ੍ਰਸਿੱਧ ਕਲਾਕਾਰ ਅਬਦੁਲ ਰਹਿਮਾਨ ਚੁਗ਼ਤਾਈ, ਬੰਗਾਲ ਦੇ ਨੰਦ ਲਾਲ ਬੋਸ, ਗੋਗੋਨੇਂਦਰ ਨਾਥ, ਤੇ ਬੱਬੇ ਦਾ ਸਾਠੇ ਆਦਿਕ।



Namdhari Elibrary NamdhariElibrary@gmail.com

? ਏਸ਼ੀਆ ਦੇ ਮਹਾਨ ਚਿੱਤ੍ਰਕਾਰ, ਜਗਤ-ਪ੍ਰਸਿੱਧ ਖਾਨ ਬਹਾਦਰ ਅਬਦੁਲ ਰਹਿਮਾਨ "ਚੁਗ਼ਤਾਈ" ਨਾਲ ਤੁਹਾਡੇ ਉਚੇਰੇ ਸੰਬੰਧ ਕਿਵੇਂ ?

—ਭਾਰਤ ਵਿਚ 'ਚੁਗ਼ਤਾਈ' ਜੀ ਨੂੰ ਬਹੁਤ ਕਰਕੇ ਸਿਰਫ 'ਮਹਾਨ ਚਿੱਤ੍ਰਕਾਰ' ਦੇ ਤੌਰ 'ਤੇ ਹੀ ਜਾਣਿਆ ਜਾਂਦਾ ਹੈ, ਪਰ ਪਾਕਿਸਤਾਨ ਤੇ ਹੋਰ ਬਾਹਰਲੇ ਦੇਸ਼ਾਂ ਵਿਚ ਉਹ ਇਕ ਕਹਾਣੀਕਾਰ, ਨਿਬੰਧਕਾਰ ਤੇ ਕਾਵਿ ਦੇ ਅੱਤ ਡੂੰਘੇ ਰਸੀਆ ਵੀ। ਖਾਸ ਤੌਰ ਤੇ ਪੰਜਾਬੀ ਸਾਹਿਤ ਤੇ ਕਵਿਤਾ ਨਾਲ ਤਾਂ ਉਹਨਾਂ ਦਾ ਇਸ਼ਕ ਸੀ। ਕਈ ਪੁਸਤਕਾਂ ਉਹਨਾਂ ਦੀਆਂ ਉਰਦੂ ਸਾਹਿਤ ਵਿਚ ਬਹੁਤ ਮਾਨਯੋਗ ਥਾਂ ਰਖਦੀਆਂ ਹਨ। ਏਸੇ ਕਾਰਨ ਉਹਨਾਂ ਨਾਲ ਮੇਰੇ ਸੰਬੰਧ ਪਾਕਿਸਤਾਨ ਬਣਨ ਤੋਂ ਚੋਰ ਚਿਰ ਪਹਿਲਾਂ ਦੇ ਸਨ। ਮੇਰੀ ਪੁਸਤਕ 'ਦਰਵਾਜ਼ਾ' ਵਿਚ ਸੁਜਾਨ ਸਿੰਘ ਜੀ ਨੇ ਏਸ ਸੰਬੰਧ ਵਿਚ ਕਾਫੀ ਹਦ ਤਕ ਚਾਨਣਾ ਪਾਇਆ ਹੈ। 17 ਜਨਵਰੀ 1975 ਨੂੰ ਚੁਗ਼ਤਾਈ "ਅੱਲਾ ਨੂੰ ਪਿਆਰੇ" ਹੋ ਗਏ ਸਨ। ਛੇਤੀ ਹੀ ਮੈਂ ਉਹਨਾਂ ਬਾਰੇ ਇਕ ਲੇਖ ਵਿਚ ਕਾਫੀ ਕੁਝ ਦੱਸਣਾ ਚਾਹਾਂਗਾ। ਉਹਨਾਂ ਦੀਆਂ ਬਹੁਤ ਦਿਲਚਸਪ ਹਥ-ਲਿਖਤਾਂ ਮੇਰੇ ਨਾਮ ਚਿੱਠੀਆਂ ਦੀ ਸ਼ਕਲ ਵਿਚ ਕਾਫੀ ਮੇਰੇ ਪਾਸ ਹਨ।

? ਸੁਮੇਰ ਜੀ ਤੁਹਾਡੇ ਨਾਲ ਪੰਜਾਬੀ ਸਾਹਿਤ, ਕਲਾ ਤੇ ਸਾਹਿਤਕਾਰਾਂ ਬਾਰੇ ਬਹੁਤ ਸਾਰੀਆਂ ਲੋਕ-ਪੱਖੀ–ਤੇ ਲੋੜੀਂਦੀਆਂ ਗੱਲਾਂ ਕਰਨੀਆਂ ਹਨ, ਪਰ ਇਕ ਵਿਚਾਰ ਰਤਾ ਕਾਹਲੀ ਪੌ ਰਹੀ ਹੈ ਕਿ ਪੰਜਾਬੀ ਗੀਤਾਂ ਬਾਰੇ ਤੁਸਾਂ ਕਈ ਵਾਰ ਦੁੱਖ ਜਿਹਾ ਪਰਗਟ ਕੀਤਾ ਹੈ, ਤੇ ਅਜਿਹਾ ਦੁੱਖ ਹੋਰ ਵੀ ਕਈਆਂ ਨੇ ਪਰਗਟ ਕੀਤਾ ਹੈ। ਪਹਿਲਾਂ ਇਸ ਬਾਰੇ ਖੋਲ੍ਹ ਕੇ ਦੱਸੋ।

—ਲੋਕ-ਗੀਤ ਕੋਈ ਮਾਮੂਲੀ ਚੀਜ਼ ਨਹੀਂ। ਇਸ ਵਿਚ ਪੂਰੀ ਕੌਮ, ਦੇਸ਼, ਤੇ ਵਧੀਆ ਮਨੁੱਖ ਦੀ ਰੂਹ ਧੜਕਦੀ ਹੈ, ਨਿਰਛਲ ਸਾਦੀ ਪਰ ਉਚ ਆਦਰਸ਼ਾਂ ਵੱਲ ਉਲੇਰਦੀ ਜੋਸ਼ੀਲੀ ਆਤਮਾ। ਪੰਜਾਬੀ, ਹਿੰਦੀ, ਬੰਗਲਾ, ਉਰਦੂ, ਤੇ ਹੋਰ ਪ੍ਰਾਂਤਾਂ ਦੇ ਪੁਰਾਣੇ ਨਵੇਂ ਲੋਕ-ਗੀਤਾਂ ਵਿਚ ਬੜਾ ਕੁਝ ਹੈ। ਪਰ ਅਸੀਂ ਜਦੋਂ ਅੱਜ ਦੇ ਰੇਡੀਓ ਤੇ ਸਟੇਜਾਂ ਉਤੇ ਆ ਰਹੇ ਗੀਤਾਂ ਨਾਲ ਪੰਜਾਬੀ ਗੀਤਾਂ ਦਾ ਟਾਕਰਾ ਕਰਦੇ ਹਾਂ ਤਾਂ ਸਿਰ ਕੁਝ ਨੀਵਾਂ ਹੋ ਜਾਂਦਾ ਹੈ। ਸਹਿਗਲ, ਤਲਅਤ ਮਹਿ-ਮੂਦ, ਆਸ਼ਾ ਭੌਂਸਲੇ ਆਦਿ ਸਿਰਫ ਗਲੇ ਕਾਰਨ ਹੀ ਪ੍ਰਸਿਧ ਨਹੀਂ ਸਗੋਂ ਉਹਨਾ ਦੀ ਗੀਤ ਤੇ ਗ਼ਜ਼ਲ ਆਦਿ ਦੀ ਚੋਣ ਵੀ ਸ੍ਰੋਤਿਆਂ ਉਪਰ ਕਮਾਲ ਦਾ ਵਧੀਆ ਪ੍ਰਭਾਵ ਛਡਦੀ ਹੈ—ਇਸ ਤੋਂ ਉਲਟ ਪੰਜਾਬੀ ਗੀਤਾਂ ਦੇ ਸੰਗੀਤਕਾਰਾਂ (ਇਕੇ ਦੁੱਕੇ ਨੂੰ ਛੱਡ, ਬਹੁਤਿਆਂ) ਨੂੰ ਪਤਾ ਹੀ ਨਹੀਂ ਕਿ ਸ੍ਰੋਤਿਆਂ ਦੇ ਵੀ ਦੋ ਕੰਨ ਹੁੰਦੇ ਹਨ, ਆਵਾਜ਼ ਨੂੰ ਮਾਨਣ ਵਾਲਾ, ਤੇ ਗੀਤ ਦੀ ਸੁੰਦਰਤਾ ਉੱਚਤਾ ਨੂੰ ਮਾਨਣ ਵਾਲਾ। ਇਹਨਾ ਦੀ ਗੀਤ ਗਜ਼ਲ ਜਾਂ ਕਵਿਤਾ-ਚੋਣ ਦਾ ਸਰੋਤਿਆਂ ਉਤੇ ਵਧੀਆ ਪ੍ਰਭਾਵ ਨਹੀਂ ਪੈਂਦਾ, ਇਹ ਸੰਗੀਤਕਾਰ, ਆਪਣੇ ਪੰਜਾਬੀਆਂ ਨੂੰ ਵਧੀਆ ਸਰੋਤੇ ਨਹੀਂ, ਸਗੋਂ ਭੰਗੜਿਆਂ ਟਪਿਆਂ ਦੇ ਨਿਰੇ ਹੰਸੋੜ ਤੇ ਨਖਰਊ ਸਰੋਤੇ ਹੀ ਸਮਝੀ ਬੈਠੇ ਹਨ। ਏਥੋਂ ਸਿੱਧ ਹੁੰਦਾ ਹੈ ਕਿ ਦੂਜੀਆਂ ਬੋਲੀਆਂ ਦੇ ਸੰਗੀਤ-ਕਾਰਾਂ ਵਿਚ ਜਿੱਥੇ ਵਧਿਆ ਸਾਹਿਤ ਬਾਰੇ ਡੂੰਗੀ ਦਿਲਚਸਪੀ ਹੈ, ਓਥੇ ਸਾਡੇ ਪੰਜਾਬੀ ਸੰਗੀਤਕਾਰਾਂ ਵਿਚ ਆਪਣੀ ਬੋਲੀ ਦੇ ਸਾਹਿਤ ਬਾਰੇ ਰਤਾ ਵੀ ਸ਼ੌਕ ਸਿੱਧ ਨਹੀਂ ਹੁੰਦਾ, ਵਧੀਆ ਵਧੀਆ ਸੰਗੀਤਕਾਰ ਬੜੇ ਹੀ ਘਟੀਆ ਤੇ ਸਸਤੇ ਬਾਜ਼ਾਰੀ ਗੀਤਾਂ ਉਤੇ ਰੀਝੇ ਹੁੰਦੇ ਹਨ—ਤੇ ਏਸੇ ਤਰ੍ਹਾਂ ਆਮ ਪੰਜਾਬੀ ਸਟੇਜਾਂ ਉਤੇ ਵੀ ਗੰਦ, ਫੱਕੜ ਬਾਜ਼ੀ ਤੇ ਪਟਾਖੇ ਬਾਜ਼ੀ ਹੀ ਪਰਧਾਨ ਹੈ, ਤੇ ਵਧੀਆ-ਪਨ ਬੜਾ ਹੀ ਟਾਵਾਂ—ਤੁਲੀ ਜੀ, ਲੋਕ ਗੀਤ ਦਾ ਭਾਵ, ਲੋਕਾਂ ਦੇ ਭੂੰਡੇ ਤੇ ਨਿਕੰਮੇ ਜਜ਼ਬੇ ਤਾਂ ਨਹੀਂ ਲੋਕਾਂ ਨੂੰ ਏਨਾ ਫੱਕੜ ਤੇ ਅਰਥੋਂ ਹੀਣਾ ਕਿਉਂ ਸਮਝਿਆ ਜਾਂਦਾ ਹੈ?—ਗੀਤਾਂ ਵਿਚ ਕਵਿਤਾ-ਪਨ ਵੀ ਤਾਂ ਹੋਣਾ ਚਾਹੀਦਾ ਹੈ ਤੇ ਜ਼ਿੰਦਗੀ ਦਾ ਸਰਲ ਪਰ ਸੁਜਾਖਾ ਜੋਸ਼ ਵੀ ਤੇ ਕੋਮਲਤਾ ਵੀ। ਐਸੇ ਗੀਤ ਕਿੱਸੇ-ਵੇਚੂਆਂ ਤੋਂ ਨਹੀਂ, ਸਗੋਂ ਵਧੀਆ ਸਾਹਿਤ ਵੇਚਣ ਵਾਲਿਆਂ ਤੋਂ ਢੂੰਡੇ ਜਾ ਸਕਦੇ ਹਨ, ਪਰ ਸਾਡੇ ਸੰਗੀਤਕਾਰਾਂ ਵਿਚ ਵਧੀਆ ਸਾਹਿਤ ਦਾ ਸ਼ੌਕ ਹੀ ਨਹੀਂ—ਤੇ ਏਹੋ ਸਾਡੇ ਗੀਤਾਂ ਦੀ ਸਟੇਜ ਦੀ ਵੱਡੀ ਬਦਕਿਸਮਤੀ ਹੈ।



Namdhari Elibrary NamdhariElibrary@gmail.com

? ਬਾਵਾ ਬਲਵੰਤ, ਡਾ: ਹਰਿਭਜਨ ਸਿੰਘ, ਤੇ ਮੀਸ਼ਾ ਆਦਿ ਨੇ ਬਹੁਤ ਹੀ ਵਧੀਆ ਗੀਤ ਲਿਖੇ ਨੇ। ਤੇ ਤੁਹਾਡੇ ਗੀਤਾਂ ਦੀ ਪੁਸਤਕ ਵੀ ਛੇਤੀ ਬਾਹਰ ਆਉਣੀ ਚਾਹੀਦੀ ਹੈ। ਤੁਹਾਡੇ ਇਕ ਗੀਤ ਦਾ ਲੋਕਾਂ ਵਿਚ ਬੜਾ ਚਰਚਾ ਹੈ :—

"ਪੁਛਣਾ ਨਾ ਪਤਾ ਸਾਡਾ ਫੁਲਾਂ ਤੋਂ ਬਹਾਰ ਤੋਂ
ਪੁਛਿਓ ਜੀ ਪਤਾ ਸਾਡਾ ਕਿਸੇ ਕੰਡੇ ਯਾਰ ਤੋਂ"

ਇਹ ਗੀਤ ਪ੍ਰੀਤ ਲੜੀ ਅਪਰੈਲ 76 ਵਿਚ ਛਪਿਆ ਸੀ—ਗੀਤਾਂ ਬਾਰੇ ਇਕ ਹੋਰ ਵੀ ਵੱਡੀ ਸਮੱਸਿਆ ਹੈ, ਉਹ ਇਹ ਕਿ ਰੀਕਾਰਡ ਕੰਪਨੀਆਂ ਵਾਲੇ ਵੀ ਤਾਂ ਗਵੱਈਆਂ ਨੂੰ ਹਲਕੇ ਲੋਕ-ਗੀਤਾਂ ਲਈ ਮਜਬੂਰ ਕਰਦੇ ਨੇ।

—ਇਹ ਠੀਕ ਹੈ, ਬਾਜ਼ਾਰੀ ਫਿਲਮੀ ਗੀਤਾਂ ਵਾਂਗ ਪੰਜਾਬ ਦੀਆਂ ਰੀਕਾਰਡਿੰਗ ਕੰਪਨੀਆਂ ਵਾਲੇ, ਲੋਕਾਂ ਤੋਂ ਪੈਸੇ ਇਕਠੇ ਕਰਨ ਦੀ ਹੀ ਕੇਵਲ ਧੁਨ ਰਖਦੇ ਹਨ, ਉਹ ਕਿਸੇ ਗੀਤ ਦੀ ਸਾਹਿੱਤਕ 'ਵੈਲੀਊ' ਜਾਂ ਉਹਦੀ ਜੀਵਨ ਜਾਂ ਕਲਚਰਲ ਕੀਮਤ ਨੂੰ ਬਿਲਕੁਲ ਨਹੀਂ ਵੇਖਦੇ, ਪਰ ਦੇਖਣਾ ਇਹ ਹੈ ਕਿ ਕੀ ਇਸ ਬਾਰੇ ਪੰਜਾਬੀ ਕਲਚਰ ਦੇ ਦਾਹਵੇ-ਦਾਰਾਂ ਦਾ ਵੀ ਕੋਈ ਫਰਜ਼ ਬਣਦਾ ਹੈ ਕਿ ਨਹੀਂ, ਕੀ ਕਲਚਰ ਸਿਰਫ ਵਿਆਹਵਾਂ ਤੇ ਲੋਕ-ਇਕਠਾਂ ਲਈ ਲੋਕਾਂ ਨੂੰ ਤਰਲੇ ਕਢ-ਕਢ ਆਵਾਜ਼ਾਂ ਮਾਰਨ ਵਾਲੇ ਫੱਕੜ ਗੀਤਾਂ ਤਕ ਹੀ ਸੀਮਤ ਹੈ ?—ਸਵਾਲ ਸਿਰਫ ਵਿਆਹ ਮੂਡ ਵਾਲੇ ਲੋਕਾਂ ਜਾਂ ਕੰਪਨੀਆਂ ਵਾਲਿਆਂ ਦੀ ਮਰਜ਼ੀ ਜਾਂ ਮੰਗ ਦਾ ਨਹੀਂ; ਲੋਕਾਂ ਦੇ ਸੁਹਜ-ਮਿਆਰ ਨੂੰ ਬਦਲਣ ਤੇ ਵਿਕਾਸ ਦੇਣ ਦਾ ਵੀ ਹੈ; ਜਿਸ ਲਈ ਵਧੀਆ ਗਵਈਏ ਤੇ ਲੇਖਕ ਹੀ ਕੁਝ ਧਿਆਨ ਦੇ ਸਕਦੇ ਤੇ ਕਰ ਸਕਦੇ ਹਨ...ਰੀਕਾਰਡ ਵਰ੍ਹਆਂ ਪਾਸੋਂ ਵਧੀਆ ਹਿੰਦੀ ਉਰਦੂ ਜਾਂ ਹੋਰ ਬੋਲੀ ਦਿਆਂ ਉਚੇਰੇ ਸੁੰਦਰ ਗੀਤਾਂ ਦੀ ਮੰਗ ਕਰੋ ਤਾਂ ਅਨੇਕਾਂ ਮਿਲ ਜਾਣਗੇ, ਪਰ ਪੰਜਾਬੀ ਦਾ ਸ਼ਾਇਦ ਇਕ ਵੀ ਨਾ ਲੱਭੇ।

(ਚਲਦਾ)

JANTA

HYDRAULIC PRESSES

1. For General Moulded Rubber Goods.
2. Down Stroke Heavy Duty.
3. For Mechanical Uses.
4. For Vulcanizing of Conveyor and Transmission Beltings.



Manufactured by :

JANTA ENGINEERING WORKS

RAJINDER NAGAR,
G. T. ROAD, P. O. MOHAN NAGAR,
GHAZIABAD (INDIA)
PHONE : 201286 (Connected with Delhi)



Namdhari Elibrary NamdhariElibrary@gmail.com

ਪੁਸਤਕ ਚਰਚਾ

# ਸੁਲਗਦੇ ਪਲ

**ਲੇਖਕ—ਕੁਲਵੰਤ ਜਗਰਾਓਂ**

'ਸੁਲਗਦੇ ਪਲ' (ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤ-ਸਰ, ਪੰਨੇ 100 ਕੀਮਤ ਛੇ ਰੁਪਏ) ਯੁਵਾ ਕਵੀ ਕੁਲਵੰਤ ਜਗਰਾਉਂ ਦਾ ਦੂਸਰਾ ਕਾਵਿ-ਸੰਗ੍ਰਹਿ ਹੈ। ਹਯਾਤੀ ਦਾ ਸੱਚ ਇਹ ਹੈ ਕਿ ਮਾਨਵ ਆਪਣੇ ਦਰਦ ਨੂੰ ਭੋਗਣ ਉਪਰੰਤ ਹੀ ਲੋਕਾਂ ਦੇ ਦਰਦ ਵਲ ਰੁਚਿਤ ਹੁੰਦਾ ਹੈ ਤੇ ਉਸਦਾ ਅਨੁਭਵ ਲੋਕ ਧੁਨੀ ਵਿਚ ਪਰਿਵਰਤਨ ਹੋ ਜਾਂਦਾ ਹੈ। ਉਂਞ ਵੀ ਕਿਸੇ ਕਵੀ ਦੀ ਸਮੁੱਚੀ ਕਾਵਿ-ਰਚਨਾ (ਖਾਸ਼ ਕਰਕੇ ਪੰਜਾਬੀ ਕਵੀਆਂ ਦੀ) ਅਧਿਐਨ ਕਰੀਏ ਤਾਂ ਇਕ ਗੱਲ ਪ੍ਰਤੱਖ ਰੂਪ ਵਿਚ ਵਿਦਮਾਨ ਹੁੰਦੀ ਹੈ, ਉਹ ਇਹ ਕਿ ਹਰ ਕਵੀ ਨਿੱਜੀ ਰੋਣੇ-ਧੋਣੇ, ਗ਼ਮ-ਦਰਦ ਦੀ ਅਭੀਵਿਅੰਜਨਾ ਉਪਰੰਤ ਲੋਕ-ਦਰਦ ਵਲ ਪਰਤਿਆ ਹੈ, ਉਸਦੀ ਨਿੱਜੀ-ਪੀੜਾ ਲੋਕ-ਪੀੜਾ ਵਿਚ ਪਰਿਵਰਤਨ ਹੋਈ ਹੈ। ਪਰ ਕੁਲਵੰਤ ਦੀ ਕਾਵਿ-ਰਚਨਾ ਇਸ ਦੇ ਵਿਪਰੀਤ ਹੈ।

ਆਪਣੇ ਪਹਿਲੇ ਸੰਗ੍ਰਹਿ 'ਸਮੇਂ ਦੇ ਬੋਲ' ਵਿਚ ਉਹ ਜ਼ਿਆਦਾ ਯਥਾਰਥਕ ਹੈ—ਜਿਸ ਵਿਚ ਉਹ ਆਰਥਿਕ ਮੰਦਹਾਲੀ ਦੇ ਸੰਦਰਭ ਵਿਚ ਸਮਾਜਕ ਢਾਂਚੇ ਤੇ ਪਰਿਵਾਰਕ ਸੱਮਸਿਆਵਾਂ ਦੀ ਪੇਸ਼ਕਾਰੀ ਕਰਦਾ ਹੈ। ਉਸਦੀ ਪ੍ਰਮੁੱਖ ਪ੍ਰਵਿਰਤੀ ਕਿਰਤੀਆਂ, ਕਿਸਾਨਾਂ ਤੇ ਮਜ਼ਦੂਰਾਂ ਦੀ ਦਲਿਤ ਦਸ਼ਾ ਨੂੰ ਪੇਸ਼ ਕਰਕੇ ਉਨ੍ਹਾਂ ਨੂੰ ਸੁਧਾਰਨ ਵਲ ਹੈ। ਦੰਭੀ ਤੇ ਮਖੌਟੇਧਾਰੀ ਹਮਦਰਦਾਂ ਨੂੰ ਨੰਗਿਆਂ ਕਰਨ ਦੀ ਰੁਚੀ ਹੈ।...ਇਸ ਪ੍ਰਤੀ ਉਹ ਉਤਸ਼ਾਹਵਾਦੀ ਹੈ। ਪ੍ਰਤੀਕਰਮ ਵਜੋਂ ਉਸਦੀ ਕਵਿਤਾ ਕਈ ਵਾਰ ਭਾਵੁਕਤਾ ਦੇ ਵਹਿਣੋਂ ਵਿਚ ਵਹਿੰਦੀ ਨਾਅਰੇਬਾਜ਼ੀ ਤੇ ਬਿਆਨਬਾਜ਼ੀ ਦੀਆਂ ਸਿਖਰਾਂ ਛੂਹ ਲੈਂਦੀ ਹੈ। ਪਰ ਫਿਰ ਵੀ ਉਸ ਵਿਚ ਕਈ ਬਹੁਤ ਪਿਆਰੀਆਂ ਕਾਵਿ-ਸਤਰਾਂ ਪੜ੍ਹਨ ਨੂੰ ਮਿਲਦੀਆਂ ਹਨ—ਜੋ ਵਿਸ਼ੇ, ਸ਼ਿਲਪ ਪਖੋਂ ਸਾਡਾ ਧਿਆਨ ਆਪਣੇ ਵਲ ਕੇਂਦਰਿਤ ਕਰਦੀਆਂ ਹਨ। ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਤੇ ਸ਼ਿਵ ਦਾ ਅਸਰ (ਖਿਆਲ ਤੇ ਰੂਪ ਪਖੋਂ) ਸਪਸ਼ਟ ਦਿਖਾਈ ਦੇਂਦਾ ਹੈ...ਤੇ 'ਸੁਲਗਦੇ ਪਲ' ਵਿਚ ਵੀ ਉਭਰਦਾ ਹੈ।

ਪਹਿਲੇ ਕਾਵਿ-ਸੰਗ੍ਰਹਿ ਦੀ ਇਕ ਗ਼ਜ਼ਲ ਦਾ ਇਹ ਸ਼ਿਅਰ ਵਰਨਣਯੋਗ ਹੈ – ਜਿਸ ਵਿਚਲਾ ਉਦੇ ਹੁੰਦਾ ਪ੍ਰਸ਼ਨ 'ਸੁਲਗਦੇ ਪਲ' ਬਾਰੇ ਨਿਰਣੇ ਕਰਦਾ ਹੈ :—

ਵੇਖੋ ਅਸਾਂ ਦੋਹਾਂ 'ਚੋਂ ਮੁਕਦਾ ਹੈ ਕੌਣ ਪਹਿਲਾਂ,
ਗ਼ਮ ਖਾ ਰਿਹਾ ਹੈ ਮੈਨੂੰ, ਮੈਂ ਗ਼ਮ ਨੂੰ ਖਾ ਰਿਹਾ ਹਾਂ।

ਚਰਚਾ ਅਧੀਨ ਕਾਵਿ-ਸੰਗ੍ਰਹਿ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਉਹ ਪਹਿਲੇ ਸੰਗ੍ਰਹਿ ਵਿਚ ਗ਼ਮ ਨੂੰ ਖਾ ਰਿਹਾ ਸੀ। ਪਰ ਇਸ ਸੰਗ੍ਰਹਿ ਵਿਚ ਗ਼ਮ ਉਸ ਨੂੰ ਖਾ ਰਿਹਾ ਹੀ ਨਹੀਂ, ਖਾ ਗਿਆ ਹੈ, ਨਾ ਇਸ ਵਿਚ ਉਹ ਪਹਿਲੇ ਵਰਗੇ ਵਿਸ਼ਿਆਂ ਦੀ ਵਿਸ਼ਾਲਤਾ ਹੈ ਤੇ ਨਾ ਅਸਲੀ ਕਵਿਤਾ। ਵਿਸ਼ਾ ਸਿਰਫ ਨਿੱਜੀ-ਭਾਵ, ਗ਼ਮ, ਬਿਰਹਾ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਕੁਝ -ਗੀਤਾਂ ਨੂੰ ਛੱਡਕੇ ਇਨ੍ਹਾਂ ਦੀ ਪੇਸ਼ਕਾਰੀ ਵਿਚ ਨਾ ਹੀ ਕੋਈ ਖਿਚ ਹੈ ਤੇ ਨਾ ਹੀ ਨਵੀਨਤਾ। ਇਹ ਤਾਂ ਮਹਿਜ਼ ਭਾਵੁਕ ਛਿਨਾਂ ਦੀ ਦਾਸਤਾਨ ਹੈ। ਇਸ ਵਿਚੋਂ ਹਯਾਤੀ ਦਾ ਕੋਈ ਅਨੁਭਵ ਲਭਣਾ ਵਿਅਰਥ ਹੈ।

ਪਹਿਲੇ ਕਾਵਿ-ਸੰਗ੍ਰਹਿ ਵਿਚ ਕੁਲਵੰਤ ਦੀ ਕਵਿਤਾ ਆਸ਼ਾਵਾਦੀ ਸੁਰ ਵਾਲੀ ਸੀ, ਪਰ ਇਸ ਸੰਗ੍ਰਹਿ ਦੀ ਕਵਿਤਾ ਨਿਰਾਸ਼ਾਵਾਦੀ ਸੁਰ ਨੂੰ ਅਪਨਾਉਂਦੀ ਹੈ।

ਜ਼ਹਿਰ ਗ਼ਮਾਂ ਦਾ ਪੀ ਲੈ ਜਿੰਦੇ, ਦੇ ਨਾ ਹੋਰ ਉਲਾਂਭੇ,
ਮਿੱਟੀ ਉਸ ਨੂੰ ਸਾਂਭ ਹੈ ਲੈਂਦੀ, ਜਿਸ ਨੂੰ ਕੋਈ ਨਾ ਸਾਂਭੇ।

ਇਸ ਸੰਗ੍ਰਹਿ ਵਿਚਲੀ ਕਵਿਤਾ ਲੋਕ-ਭਾਵਾਂ ਦੀ ਅਭਿਵਿਅੰਜਨਾ ਨਹੀਂ, ਇਹ ਤਾਂ ਕਿਸੇ ਦੇ ਵਿਯੋਗ ਵਿਚ ਕਲਪਣਾ ਦੀਆਂ ਅਰਸ਼ੀ ਉਡਾਰੀਆਂ ਮਾਰ ਕੇ ਲਿਖੀ ਗਈ ਗਈ ਕਵਿਤਾ ਹੈ...ਤੇ ਜਿਸ ਦਾ ਉਦੇਸ਼ ਸਿਰਫ ਸੱਜਣ ਦੇ ਹੁੰਗਾਰੇ ਦੀ ਪ੍ਰਾਪਤੀ ਤੱਕ ਸੀਮਤ ਹੈ। ਸਮਾਜਕ ਅਨਿਆਂ ਨੂੰ ਖਤਮ ਕਰਨ ਦਾ ਦਾਅਵਾ ਕਰਨ ਵਾਲਾ ਪਹਿਲਾਂ ਕਵੀ ਇਕ ਪ੍ਰੇਮਿਕਾ ਦੀਆਂ ਜ਼ੁਲਫਾਂ ਤੇ ਯਾਦਾਂ ਵਿਚ ਗੁਆਚ ਗਇਆ ਹੈ।

ਇਸ ਸੰਗ੍ਰਹਿ ਵਿਚ ਗੀਤ ਵੀ ਹਨ, ਨਜ਼ਮਾਂ ਤੇ ਗ਼ਜ਼ਲਾਂ ਵੀ, ਪਰ ਜਿਥੋਂ ਸਫਲਤਾ ਦਾ ਪ੍ਰਸ਼ਨ ਹੈ, ਗੀਤਾਂ ਵਾਲਾ ਹਿੱਸਾ ਸਾਡਾ ਧਿਆਨ ਆਪਣੇ ਵਲ ਕੇਂਦਰਿਤ ਕਰਦਾ ਹੈ... ਜਿਸ ਨੂੰ ਪੜ੍ਹਦਿਆਂ ਹਰਿਭਜਨ, ਸ਼ਿਵ ਤੇ ਪ੍ਰੋ: ਮੋਹਨ ਸਿੰਘ ਦੇ ਗੀਤ ਚਿਹਨ ਵਿਚ ਉਭਰ ਆਉਂਦੇ ਹਨ। ਸੰਗੀਤਾਤ-



Namdhari Elibrary NamdhariElibrary@gmail.com

ਮੁਕਤਾ, ਕੋਮਲ ਸੁਰ ਵਾਲੇ ਸ਼ਬਦ ਦਿਲ ਨੂੰ ਖਿੱਚ ਪਾਉਂਦੇ ਹਨ...। ਇਨ੍ਹਾਂ ਗੀਤਾਂ ਲਈ ਉਹ ਸੱਚ ਮੁਚ ਦਾਦ ਦੇ ਯੋਗ ਹੈ।

(i) ਹੌਲੇ ਹੌਲੇ ਹੱਸ ਸੱਜਣਾ,
ਅਸੀਂ ਮਹਿਕਾਂ ਦੇ ਲਾਈਏ ਬੋਹਲ।
ਮਿੱਠਾ ਮਿੱਠਾ ਤੱਕ ਸੱਜਣਾ,
ਮਤਾਂ ਜਾਏ ਵੇ ਕਲੇਜੜਾ ਡੋਲ।
ਪਿਆਰੀ ਪਿਆਰੀ ਗੱਲ ਕਰ ਵੇ,
ਅਸੀਂ ਜਿੰਦੜੀ 'ਚ ਲਈਏ ਘੋਲ।

(ii) ਪੀੜਾਂ ਦੇ ਪਿੰਜਰੇ ਵਿਚ ਜਦ ਵੀ
ਜਿੰਦ ਵਿਯੋਗਣ ਰੋਈ,
ਅੰਬਰਾਂ ਨੂੰ ਵੀ ਦੰਦਲ ਪੈ ਗਈ
ਧਰਤ ਹੋਈ ਅਧਮੋਈ।

ਕਵਿਤਾ ਭਾਗ ਚੋਂ 'ਨਹੁੰਆਂ ਤੋਂ ਟੁੱਟਿਆਂ ਮਾਸ' ਚੰਗੀ ਨਜ਼ਮ ਹੈ। ਗ਼ਜ਼ਲਾਂ ਵਿਚ ਤਿਨ-ਚਾਰ ਤੋਂ ਇਲਾਵਾ ਉਹ ਰਵਾਇਤੀ ਹੀ ਰਿਹਾ ਹੈ। ਗ਼ਜ਼ਲੀਅਤ ਭਰਪੂਰ ਗ਼ਜ਼ਲਾਂ ਵਿਚੋਂ ਕੁਝ ਸ਼ਿਅਰ ਦੇਖਣ ਯੋਗ ਹਨ :—

(i) ਪੱਲੂ ਉਡਾ ਸਾੜੀ ਦਾ ਨਾ, ਇਸ ਨੂੰ ਤਾਂ ਰਹਿਣ ਦੇ,
ਇਹ ਸ਼ੋਖੀਆਂ ਇਹ ਮਸਤੀਆਂ ਡਾਢਾ ਤੂਫ਼ਾਨ ਹੈ।

(ii) ਦੂਰੋਂ ਹੀ ਦੂਰੋਂ ਹਾਲ ਕਿਉਂ ਪੁੱਛਦਾ ਹੈਂ ਦਰਦ ਦਾ,
ਧੜਕਨ ਦੇ ਨੇੜੇ ਹੋ ਰਤਾ, ਦਸਾਂ ਬਿਠਾਲ ਕੇ।

(iii) ਤੇਰੇ ਮੁੱਖ ਦਾ ਪਿਆ ਭੁਲੇਖਾ ਹਰ ਵਾਰੀ,
ਬੱਦਲਾਂ ਵਿਚੋਂ ਜਦ ਵੀ ਚੰਨ ਮੁਸਕਾਇਆ ਹੈ।

ਪਿਛਲੇਰੇ ਸੰਗ੍ਰਹਿ ਨਾਲੋਂ ਇਸ ਸੰਗ੍ਰਹਿ ਵਿਚਲੇ ਗੀਤਾਂ ਤੇ ਗ਼ਜ਼ਲਾਂ ਵਿਚ ਸ਼ਿਲਪ ਪਖੋਂ ਨਿਖਾਰ ਆਇਆ ਹੈ। ਨਜ਼ਮ ਅਜੇ ਵੀ ਅਨੁਭਵ ਤੇ ਅਭਿਆਸ ਦੀ ਮੰਗ ਕਰਦੀ ਹੈ। ਅਜਿਹੀ ਕਵਿਤਾ ਬਹੁਤ ਲਿਖੀ ਜਾ ਚੁੱਕੀ ਹੈ ਤੇ ਹੁਣ ਕਾਵਿ ਵਿਚ ਕੀ ਸਥਾਨ ਰਖ ਸਕਦੀ ਹੈ ? ਇਹ ਪ੍ਰਸ਼ਨ ਵਖਰਾ, ਪਰ ਮਹੱਤਵਪੂਰਨ ਹੈ। ਇਸੇ ਪ੍ਰਤੀ ਕੁਲਵੰਤ ਨੂੰ ਸੁਚੇਤ ਤੇ ਚੇਤੰਨ ਹੋਣਾ ਪਵੇਗਾ...ਤੇ ਉਮੀਦ ਹੈ ਉਹ ਮੁੜ ਆਪਣੀ ਕਾਵਿ-ਸਿਰਜਨਾ 'ਸੁਲਗਦੇ ਪਲ' ਵਿਚਲੇ ਸ਼ਿਲਪ ਨੂੰ (ਗੀਤ, ਗ਼ਜ਼ਲਾਂ) ਲੈ ਕੇ 'ਸਮੇਂ ਦੇ ਬੋਲ' ਤੋਂ ਅਗੇਂ ਅਰੰਭੇਗਾ।

ਪ੍ਰੋ: ਅਵਤਾਰ ਜੌੜਾ
6, ਅਸ਼ੋਕ ਨਗਰ
ਨਜ਼ਦੀਕ ਨਜ਼ਾਤਮ ਨਗਰ
ਜਲੰਧਰ—2

## ਲੁਧਿਆਨਾ ਸਾਹਿਤ ਸਭਾ ਦਾ ਸਨਮਾਨ ਸਮਾਰੋਹ

ਲੁਧਿਆਣੇ ਦੀਆਂ ਸਾਹਿਤਕ ਸਰਗਰਮੀਆਂ ਵਿਚ ਵਾਧਾ ਕਰਨ ਲਈ 5 ਜੂਨ ਨੂੰ ਨੈਸ਼ਨਲ ਮਿਊਜ਼ਕ ਕਾਲਜ ਲੁਧਿਆਣਾ ਵਿਚ ਇਕ ਸਾਹਿਤਕ ਸਨਮਾਨ ਸਮਾਰੋਹ ਲੁਧਿਆਣਾ ਸਾਹਿਤ ਸਭਾ ਵਲੋਂ ਹੋਇਆ। ਇਸ ਸਨਮਾਨ ਸਮਾਰੋਹ ਵਿਚ ਪੰਜਾਬੀ ਦੇ ਪੰਜ ਲਿਖਾਰੀਆਂ ਸਰਵ ਸ੍ਰੀ ਕੇ. ਐਲ. ਗਰਗ (ਅੱਗ ਦੇ ਦਾਇਰੇ), ਤਿਲਕ ਰਾਜਪੂਤ (ਜੁੱਤੀ ਦਾ ਕਿੱਲ), ਐਸ. ਦਵਿੰਦਰ ਸੇਠੀ, (ਅਨਹੋਣੀ) ਪ੍ਰੇਮ ਗੋਰਖੀ, (ਮਿਟੀ ਰੰਗੇ ਲੋਕ) ਤੇ ਵਧੀਆ ਪਤਰਕਾਰ ਸ: ਸੁਰਜੀਤ ਸਿੰਘ ਸੇਖੀ (ਰੋਜ਼ਨਾ ਅਜੀਤ) ਨੂੰ ਸਭਾ ਵਲੋਂ ਗਿ: ਸਰਦੂਲ ਸਿੰਘ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਪਰ ਪ੍ਰੇਮ ਗੋਰਖੀ ਤੇ ਸ੍ਰੀ ਸੇਖੀ ਦੇ ਨਾ ਪੁਜਣ ਕਾਰਣ ਉਨਾਂ ਦੇ ਇਨਾਮ ਉਥੇ ਭੇਜ ਦਿਤੇ ਗਏ।

ਇਸ ਸਮਾਰੋਹ ਦੀ ਪ੍ਰਧਾਨਗੀ ਰੋਜ਼ਾਨਾ 'ਤਰਜਮਾਨ' ਦੇ ਸੰਪਾਦਕ ਸ੍ਰੀ ਕੁਲਦੀਪ ਭਾਟੀਆ ਨੇ ਕੀਤੀ। ਇਸ ਸਮਾਰੋਹ ਵਿਚ ਕੇ. ਮਨਜੀਤ ਲੁਧਿਆਣਵੀ ਤੇ ਅਮਰਜੀਤ ਕਥੂਰੀਆ ਦੁਆਰਾ ਸੰਪਾਦਤ ਕਹਾਣੀ ਸੰਗ੍ਰਹਿ 'ਇਨਸਾਨ ਵਿਕਦੇ ਨੇ' ਤੇ ਸੁਰਿੰਦਰਜੀਤ ਦੀ ਠੰਡੀ ਅੱਗ' ਨੂੰ ਰਿਲੀਜ਼ ਕੀਤਾ ਗਿਆ : ਕੇ. ਐਲ. ਗਰਗ ਨੇ 'ਇਨਸਾਨ ਵਿਕਦੇ ਨੇ' ਤੇ ਹਰਭਜਨ ਫੱਲੇਵਾਲਵੀ ਨੇ 'ਠੰਡੀ ਅੱਗ' ਤੇ ਪਰਚੇ ਪੜੇ। ਗੀਤ ਸੰਗੀਤ ਵੀ ਹੋਇਆ। ਇਸ ਸਮਾਗਮ ਵਿਚ ਪੰਜਾਬੀ ਦੇ ਲਗਭਗ 70-80 ਲੇਖਕਾਂ ਨੇ ਭਾਗ ਲਿਆ ਅੰਤ ਵਿਚ ਸਵਰਗੀ ਸ੍ਰੀ ਸੁਨੀਤੀ ਤੇ ਸ੍ਰੀ ਖੁਸ਼ਦਿਲ ਦੀ ਮੌਤ ਸਬੰਧੀ ਸ਼ੋਗ ਦੇ ਮਤੇ ਪਾਸ ਕੀਤੇ ਗਏ।

ਕੇ. ਮਨਜੀਤ
ਜ: ਸਕੱਤਰ



Namdhari Elibrary NamdhariElibrary@gmail.com

## ਸਾਡੇ ਸਨੇਹੀ



ਕੋਸ਼ਸ਼ 'ਚ ਬੀਤਦੀ ਜੋ, ਅਪਣੀ ਅਸਲ ਉਮਰ ਹੈ .
ਸੰਗਰਾਮ ਕਰਨ ਵਾਲੇ ਸਮਿਆਂ ਤੇ ਛਾ ਗਏ ਨੇ ।

### ਇਕ ਸੰਘਰਸ਼ ਮਈ ਜੀਵਨ

# ਸ: ਸੇਵਾ ਸਿੰਘ

ਆਮ ਤੌਰ ਤੇ ਨਾਮਧਾਰੀ ਮੇਲਿਆਂ ਤੇ ਤੰਬੂਆਂ ਛੋਲ-ਦਾਰੀਆਂ ਤੇ ਕਨਾਤਾਂ ਲਾਉਣ ਲੁਆਉਣ ਵਿਚ ਇਕ ਭਰਵੇਂ ਕਦ ਕਾਠ ਵਾਲੇ ਗੋਰੇ ਰੰਗ ਦੇ ਨਿਰਮਾਨ ਜਿਹੇ ਸਿਖ ਨੂੰ ਅਣਥਕ ਸੇਵਾ ਕਰਦਿਆਂ, ਕਦੇ ਰੱਸਾ ਖਿਚਦਿਆਂ, ਕਦੇ ਕਿੱਲੇ ਗਡ-ਦਿਆਂ ਕਿਤੇ ਤਣੀਆਂ ਕਸਦਿਆਂ ਕਦੇ ਬਾਂਸ ਚੁਕਦਿਆਂ ਵੇਖਿਆ ਹੋਵੇਗਾ ਇਹ ਹੀ ਸ: ਸੇਵਾ ਸਿੰਘ ਹਨ । ਜਿਹੜੇ ਆਮ ਕਰਕੇ ਸੇਵਾ ਸਿੰਘ ਤੰਬੂਆਂ ਵਾਲੇ ਕਰਕੇ ਮਸ਼ਹੂਰ ਹਨ ।

ਸ: ਸੇਵਾ ਸਿੰਘ ਇਸ ਵੇਲੇ ਸੁਮ੍ਰਿਧ ਹਨ । ਭਾਰਤ ਭਰ ਵਿਚ ਇਹਨਾਂ ਦਾ ਵਪਾਰ ਹੈ, ਦਫਤਰ ਅਤੇ ਗਡੀਆਂ ਏਅਰ ਕੰਡੀਸ਼ਨਡ ਹਨ । ਪਰਿਵਾਰਕ, ਵਿਹਾਰਕ ਅਤੇ ਸਮਾਜਕ ਸਾਰੇ ਸੁਖ ਪ੍ਰਾਪਤ ਹਨ । ਪਰ ਇਹਨਾਂ ਦਾ ਜੀਵਨ ਘੋਲਾਂ ਅਤੇ ਸੰਘਰਸ਼ਾਂ ਦਾ ਜੀਵਨ ਹੈ । ਇਹਨਾਂ ਨੇ ਇਹ ਪਦਵੀ ਅਪਣੇ ਗੁਰੂ ਦੇ ਬਚਨਾਂ ਤੇ ਵਿਸ਼ਵਾਸ਼ ਰਖਦਿਆਂ ਹੋਇਆਂ ਕਰੜੀ ਮੇਹਨਤ ਅਤੇ ਸਿਦਕ ਦਿਲੀ ਨਾਲ ਪ੍ਰਾਪਤ ਕੀਤੀ ਹੈ। ਅਪਣੇ ਜੀਵਨ ਵਿਚ ਬਾਣੀ ਦੀਆਂ ਇਹਨਾਂ ਤੁਕਾਂ ਨੂੰ ਇਹਨਾਂ ਨੇ ਮਾਰਗ ਦਰਸ਼ਨ ਬਣਾਇਆ ਹੈ

ਸਗਲ ਸਿਆਨਪ ਛਾਡਿ ॥ ਕਰਿ ਸੇਵਾ ਸੇਵਕ ਸਾਜਿ ॥ ਅਪਨਾ ਆਪੁ ਸਗਲ ਮਿਟਾਇ ॥ ਮਨ ਚਿੰਦੇ ਸੇਈ ਫਲ ਪਾਇ ॥੧॥ ਹੋਹੁ ਸਾਵਧਾਨ ਅਪੁਨੇ ਗੁਰ ਸਿਉ ॥ ਆਸਾ ਮਨਸਾ ਪੂਰਨ ਹੋਵੈ ਪਾਵਹਿ ਸਗਲ ਨਿਧਾਨ ਗੁਰ ਸਿਉ ॥

ਸ: ਸੇਵਾ ਸਿੰਘ ਦੀ ਜ਼ਿੰਦਗੀ ਦੀ ਕਹਾਣੀ ਬੜੀ ਦਿਲਚਸਪ ਉਤਾਰਾਂ ਚੜ੍ਹਾਵਾਂ ਨਾਲ ਓਤਪੋਤ ਹੈ। ਇਮਾਨਦਾਰੀ ਤੇ ਗੁਰੂ ਭਗਤੀ ਇਹਨਾਂ ਨੂੰ ਵਿਰਸੇ ਵਿਚ ਹੀ ਮਿਲੀ । ਦਾਦਾ ਸੰਤ ਕਿਸ਼ਨ ਸਿੰਘ ਪਿੰਡ ਬੇਂਕਾ ਚੀਮਾ (ਗੁਜਰਾਂਵਾਲਾ) ਨੂੰ ਗੁਰੂ ਰਾਮ ਸਿੰਘ ਜੀ ਕੋਲੋਂ ਭਜਨ ਲੈਣ ਦਾ ਸੁਭਾਗ ਪ੍ਰਾਪਤ ਹੋਇਆ । ਪਿੰਡ ਵਾਲੀ ਧਰਮਸਾਲਾ ਉਹਨਾਂ ਹੀ ਬਣਵਾਈ ਸੀ । ਪਿਤਾ ਸੰਤ ਕਿਸ਼ਨ ਸਿੰਘ ਨੇ ਸੰਨ 1905 ਵਿਚ ਥਾਈਲੈਂਡ ਵਿਚ ਜਾ ਕੇ ਕਪੜੇ ਦਾ ਕਾਰੋਬਾਰ ਸ਼ੁਰੂ ਕੀਤਾ । ਲੱਖਾਂ ਰੁਪਏ ਹਥਾਂ ਵਿਚ ਆਉਣ ਜਾਣ ਦੇ ਬਾਵਜੂਦ ਵੀ ਬਿਲਕੁਲ ਸ਼ੁਧ ਵਿਹਾਰ ਰਖਿਆ । ਇਥੇ 27 ਅਪਰੈਲ 1922 ਨੂੰ ਸਾਡੀ ਕਹਾਣੀ ਦੇ ਨਾਇਕ ਦਾ ਜਨਮ ਹੋਇਆ । ਜਦੋਂ ਅਠ ਸਾਲ ਦੇ ਸੇਵਾ ਸਿੰਘ ਹੋਏ ਤਾਂ ਇਹਨਾਂ ਦੇ ਮਾਤਾ ਜੀ ਬੀਮਾਰ ਹੋ ਗਏ ਤਾਂ ਪਿਤਾ ਜੀ ਵਾਪਸ ਭਾਰਤ ਪਰਤੇ । ਅਤੇ ਇਸ ਦੇ ਨਾਲ ਹੀ ਇਹਨਾਂ ਦੀ ਜ਼ਿੰਦਗੀ ਵਿਚ ਸੰਘਰਸ਼ ਸ਼ੁਰੂ ਹੋ ਗਿਆ ।

ਇਹਨਾਂ ਦੇ ਮਾਮਾ ਜੀ ਡਾਕਟਰ ਨਰਿੰਜਨ ਸਿੰਘ ਸੇਠ M.D. London ਜ਼ਿਲਾ ਹੈਲਥ ਅਫਸਰ ਸਨ ਅਤੇ ਮਿੰਟਗੁਮਰੀ, ਅੰਮ੍ਰਿਤਸਰ, ਲਾਹੌਰ, ਰਾਵਲ ਪਿੰਡੀ ਆਦਿ ਥਾਵਾਂ ਤੇ ਉਹ ਸਰਵਿਸ ਕਰ ਚੁਕੇ ਸਨ । ਉਹਨਾਂ ਦੀ ਸਹਾਇਤਾ ਵਿਚ ਹੀ ਖਾਲਸਾ ਹਾਈ ਸਕੂਲ ਗੁਜਰਾਂਵਾਲਾ ਵਿਚ ਪੜ੍ਹਨ ਪਏ । ਡਾ: ਕਿਰਪਾਲ ਸਿੰਘ ਮੌਜੂਦਾ ਪਰੋਫੈਸਰ ਆਫ ਹਿਸਟਰੀ



Namdhari Elibrary NamdhariElibrary@gmail.com

ਪੰਜਾਬੀ ਯੂਨੀਵਰਸਿਟੀ ਪਟਿਆਲਾ ਇਹਨਾਂ ਦੇ ਹਮ-ਜਮਾਤੀ ਸਨ।

ਭਾਵੇਂ ਪੜ੍ਹਾਈ ਵਿਚ ਸੇਵਾ ਸਿੰਘ ਜੀ ਬਹੁਤ ਹੀ ਹੁਸ਼ਿਆਰ ਸਨ ਪਰ ਮਜਬੂਰਨ ਪੜ੍ਹਾਈ ਛੱਡ ਕੇ ਬੰਬਈ ਜਾਣਾ ਪਿਆ। ਬੰਬਈ ਵਿਚ ਆਪਣੇ ਜੀਵਨ ਦੇ ਤਜਰਬੇ ਨੂੰ ਜ਼ਿਆਦਾ ਮੋਕਲਾ ਕਰਨ ਦਾ ਅਵਸਰ ਮਿਲਿਆ। ਇਕ ਪਾਸੇ ਤਾਂ ਇਕ ਮਿਲ ਵਿਚ ਦੋ ਰੁਪਏ ਰੋਜ਼ ਦੀ ਨੌਕਰੀ ਕਰਕੇ ਜੀਵਨ ਦੀ ਗੱਡੀ ਨੂੰ ਤੋਰਨ ਦਾ ਜਤਨ ਦੂਜੇ ਪਾਸੇ ਬੰਬਈ ਦੀ ਤੜਕ ਫੜਕ ਵਾਲੇ ਮਾਹੌਲ ਦਾ ਨੌਜੁਆਨ ਦਿਲ ਨੂੰ ਸੱਦਾ। ਜਿਸ ਬਿਲਡਿੰਗ ਵਿਚ ਇਹ ਰਹਿੰਦੇ ਸਨ ਉਥੇ ਐਕਟਰ ਤੇ ਐਕਟਰਸਾਂ ਵੀ ਰਹਿੰਦੀਆਂ ਸਨ। ਉਹਨਾਂ ਨਾਲ ਮੇਲ ਜੋਲ, ਸਿਨਮਾਂ ਅਤੇ ਸੂਟਿੰਗ ਵੇਖਣ ਦੀਆਂ ਸਹੂਲਤਾਂ ਬਹੁਤ ਸਨ। ਪਰ ਸੇਵਾ ਸਿੰਘ ਜੀ ਉੱਤੇ ਸ: ਤੇਜਾ ਸਿੰਘ ਜੀ ਕਸਟਮ ਆਫੀਸਰ ਜੋ ਪੂਰਨ ਗੁਰਸਿਖ ਸਨ ਦਾ ਪ੍ਰਭਾਵ ਜ਼ਿਆਦਾ ਪ੍ਰਬਲ ਰਿਹਾ। ਸ: ਸੇਵਾ ਸਿੰਘ ਨੇ ਫਿਲਮਾਂ ਅਤੇ ਸੂਟਿੰਗਾਂ ਵੇਖਣ ਲਈ ਦਿਤੇ ਜਾਂਦੇ ਪਾਸਾਂ ਦੀ ਬਿਲਕੁਲ ਵਰਤੋਂ ਨਾ ਕੀਤੀ ਸਗੋਂ ਸਾਰੀ ਉਮਰ ਹੀ ਫਿਲਮ ਨਹੀਂ ਵੇਖੀ ਪਰ ਸ: ਤੇਜਾ ਸਿੰਘ ਦੀ ਸੰਗਤ ਵਿਚ ਭਜਨ ਬੰਦਗੀ ਬਹੁਤ ਕੀਤੀ। ਸਵੇਰੇ ਤਿੰਨ ਵਜੇ ਤੋਂ ਪਹਿਲਾਂ ਉਠਣਾ ਅਤੇ ਨਾਮ ਸਿਮਰਨ ਦਾ ਅਭਿਆਸ ਕਰਨਾ। ਲਿਖਣ ਦਾ ਵੀ ਸ਼ੌਕ ਸੀ ਅਤੇ ਆਪਣੇ ਧਾਰਮਕ ਲੇਖ ਲਿਖ ਕੇ ਸਤਿਜੁਗ ਅਖਬਾਰ ਨੂੰ ਭੇਜਣੇ ਜੋ ਛਪ ਜਾਣੇ।

1937 ਤੋਂ 39 ਤਕ ਦੋ ਸਾਲ ਬੰਬਈ ਰਹੇ। ਇਸ ਦੌਰਾਨ ਗ਼ਰੀਬੀ ਨੇ ਭਰਪੂਰ ਹਮਲਾ ਕੀਤਾ। ਕਈ ਵਾਰੀ ਰੋਟੀ ਤੋਂ ਵੀ ਆਤਰ ਹੋ ਜਾਣਾ ਪਰ ਸਿਦਕ ਹਥੋਂ ਨਹੀਂ ਛਡਿਆ ਅਤੇ ਨਾ ਹੀ ਰੋਟੀ ਵਾਸਤੇ ਗਲਤ ਰਸਤਾ ਅਪ-ਣਾਇਆ। 1939 ਵਿਚ ਦੂਜੀ ਸੰਸਾਰ ਜੰਗ ਛਿੜ ਗਈ। ਸ੍ਰੀ ਭੈਣੀ ਸਾਹਿਬ ਵਿਚ 100 ਦਿਨਾਂ ਦਾ ਪਾਠ ਪਰਯੋਗ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸ਼ੁਰੂ ਕੀਤਾ ਹੋਇਆ ਸੀ ਜਿਸ ਵਿਚ ਜਾਣ ਲਈ ਸ: ਸੇਵਾ ਸਿੰਘ ਬੰਬਈ ਤੋਂ 15 ਰੁਪੈ ਉਧਾਰੇ ਲੈ ਕੇ ਪਹੁੰਚੇ। ਇਸ ਪ੍ਰਯੋਗ ਸਮੇਂ ਸਤਿਗੁਰਾਂ ਦਾ ਕਰੜਾ ਹੁਕਮ ਸੀ ਕਿ ਕੋਈ ਵੀ ਸਜਨ ਸੇਵਾ ਤੋਂ ਬਗੈਰ ਨਾ ਰਹੇ। ਭੈਣੀ ਸਾਹਿਬ ਰਾਤ ਨੌ ਵਜੇ ਪੁਜੇ ਅਤੇ ਬਾਗ ਵਾਲੀ ਕੋਠੀ ਕੋਲ ਖਲੋ ਗਏ, ਕੋਲ ਹੋਰ ਵੀ ਤਿੰਨ ਸਿਖ ਸਨ। ਸਤਿਗੁਰੂ ਜੀ, ਸੰਤ ਨਿਧਾਨ ਸਿੰਘ ਆਲਮ, ਸੰਤ ਬਲਵੰਤ ਸਿੰਘ ਐਡੀਟਰ ਸਤਿਜੁਗ ਅਤੇ ਭਾਈ ਬਹਾਦਰ ਸਿੰਘ ਸਹਿਤ ਉਥੇ ਪੁਜੇ। ਬਾਕੀ ਸਿਖ ਤਾਂ ਸ਼ਾਇਦ ਸੇਵਾ ਵਲੋਂ ਭਗੋੜੇ ਹੋਣ ਦੇ ਕਸੂਰੋਂ ਭਜ ਗਏ ਇਹ ਓਥੇ ਹੀ ਖੜੇ ਰਹੇ। ਸਤਿਗੁਰੂ ਜੀ ਨੇ ਨਾ ਨਾਮ ਪੁਛਿਆ ਨਾ ਹੀ ਥਾਂ ਪੁਛਿਆ ਆਉਂਦਿਆਂ ਹੀ ਬਚਨ ਕੀਤਾ, "ਸੇਠ ਜੀ ਬੰਬਈਓਂ ਕਦੋਂ ਆਏ ਹੋ"। ਸ: ਸੇਵਾ ਸਿੰਘ ਗੁਰੂ ਚਰਨਾਂ ਤੇ ਆਪਣਾ ਸਿਰ ਸੁਟ ਕੇ ਬਹੁਤ ਰੋਏ। ਕਿਥੇ ਗਰੀਬੀ ਦੀ ਇਹ ਹਾਲਤ ਅਤੇ ਕਿਥੇ ਸੇਠਾਈ ਦਾ ਵਰ। ਦਿਲ ਵਿਚ ਵਿਸ਼ਵਾਸ਼ ਹੋ ਗਿਆ ਕਿ ਮੈਂ ਇਕ ਦਿਨ ਸੇਠ ਜ਼ਰੂਰ ਬਣਾਂਗਾ।

ਸ: ਬਲਵੰਤ ਸਿੰਘ ਜੀ ਸੰਪਾਦਕ ਨੇ ਇਹਨਾਂ ਦੇ ਭੇਜੇ ਲੇਖਾਂ ਬਾਬਤ ਗਲ ਕੀਤੀ ਗੁਰੂ ਜੀ ਕਹਿਣ ਲਗੇ ਚਲ ਤੈਨੂੰ ਪੜ੍ਹਿਆ ਲਿਖਿਆ ਮੁੰਡਾ ਮਿਲ ਗਿਆ ਹੈ। ਸ੍ਰੀ ਭੈਣੀ ਸਾਹਿਬ ਵਿਚ ਸਤਿਜੁਗ ਦੀ ਸੇਵਾ ਤੋਂ ਇਲਾਵਾ ਜੋੜਿਆਂ ਦੀ ਸੇਵਾ ਨਾਮਧਾਰੀ ਸੰਗਤ ਬੰਬਈ ਦੇ ਬੋਰਡ ਹੇਠਾਂ ਕਰਦੇ ਰਹੇ ਇਸ ਤੋਂ ਇਲਾਵਾ ਪੰਡਾਲ ਦੀ ਸਜਾਵਟ ਦੀ ਸੇਵਾ ਵੀ ਕਰਦੇ ਰਹੇ ਜੋ ਹੁਣ ਤਕ ਕਰ ਰਹੇ ਹਨ। ਇਕ ਦਿਨ ਸ: ਦਇਆ ਸਿੰਘ ਪਰਬੰਧਕ ਨੇ ਕਿਸੇ ਕਾਰਨ ਜੋੜਿਆਂ ਦੀ ਸੇਵਾ ਇਹਨਾਂ ਪਾਸੋਂ ਵਾਪਸ ਲੈ ਲਈ। ਸਤਿਗੁਰੂ ਜੀ ਸ: ਦਇਆ ਸਿੰਘ ਨਾਲ ਬਹੁਤ ਨਾਰਾਜ਼ ਹੋਏ ਅਤੇ ਹੁਕਮ ਕੀਤਾ ਕਿ ਸੇਵਾ ਇਹ ਹੀ ਕਰਨਗੇ ਭਾਵੇਂ ਸਾਰੇ ਜੋੜੇ ਗੁਮ ਜਾਣ। ਬੰਬਈ ਦੀ ਸੰਗਤ ਦਾ ਬੋਰਡ ਨਹੀਂ ਉਤਰ ਸਕਦਾ।

ਭੈਣੀ ਸਾਹਿਬ ਤੋਂ ਅਪਣੇ ਮਾਮਾ ਜੀ ਕੋਲ ਰਾਵਲ ਪਿੰਡੀ ਚਲੇ ਗਏ। ਉਥੇ ਹੀ ਉਸ ਸਮੇਂ ਇਹਨਾਂ ਦੇ ਬਹਿਨੋਈ ਮਾਸਟਰ ਨਿਹਾਲ ਸਿੰਘ ਜੀ ਹੁੰਦੇ ਸਨ। ਮਾਮਾ ਜੀ ਨੂੰ ਇਹਨਾਂ ਦੀ ਘਰੇਗੀ ਹਾਲਤ ਦਾ ਪਤਾ ਲਗਾ ਤਾਂ ਔਖੇ ਹੋਏ। ਪਿਤਾ ਜੀ ਮਦਦ ਲੈਣਾ ਨਹੀਂ ਸਨ ਚਾਹੁੰਦੇ। ਮਾਮਾ ਜੀ ਤੇ ਮਾਤਾ ਜੀ ਵਿਚ ਬਹੁਤ ਪਿਆਰ ਸੀ। ਉਹਨਾਂ ਕਿਰਾਇਆ ਭੇਜ ਕੇ ਪਰਿਵਾਰ ਨੂੰ ਬੰਬਈ ਤੋਂ ਰਾਵਲਪਿੰਡੀ ਬੁਲਾ ਲਿਆ ਅਤੇ ਸ: ਸੇਵਾ ਸਿੰਘ ਨੂੰ ਸਰਕਾਰੀ ਡਾਇੰਗ ਪਰਿੰਟਿੰਗ ਕੈਲੀਕੋ ਇੰਸਟੀਚਊਟ ਸ਼ਾਹਦਰਾ (ਲਾਹੌਰ) ਵਿਚ ਦਾਖਲਾ ਦੁਆ ਦਿਤਾ। ਇਕ ਸਾਲ ਦਾ ਕੋਰਸ ਸੀ। ਡਾਇਰੈਕਟਰ ਨੇ ਸਪੀਚ ਕੀਤੀ ਕਿ ਇਕ ਕਲਾਸ ਦੀ ਸ਼ੁਰੂਆਤ ਹੀ ਨਹੀਂ ਜ਼ਿੰਦਗੀ ਦਾ ਆਗਾਜ਼ ਏ...ਕੰਮ ਟੈਕਨੀਕਲ ਸਿਖਣਾ



Namdhari Elibrary NamdhariElibrary@gmail.com

ਚਾਹੀਦਾ ਹੈ......ਕਦੇ ਕਿਸੇ ਅਖਬਾਰ ਵਿਚ ਲੁਹਾਰ, ਤਰਖਾਣ ਕਲਾਰੀ ਆਦਿ ਦੇ ਖੁਦਕਸ਼ੀ ਕਰਦੇ ਦੀ ਖਬਰ ਨਹੀਂ ਪੜ੍ਹੀ ਹੋਣੀ। ਇਥੇ ਸ: ਸੇਵਾ ਸਿੰਘ ਜੀ ਨੇ ਕੰਮ ਸਿਖਣ ਲਈ ਅਣਥਕ ਮੇਹਨਤ ਕੀਤੀ। ਰੰਗਸਾਜ਼ੀ ਦਾ ਕੋਰਸ ਕਰਕੇ ਰਾਵਲਪਿੰਡੀ ਚਲੇ ਗਏ। ਉਥੇ ਸ: ਆਤਮਾ ਸਿੰਘ ਜੀ ਟੈਂਟਾਂ ਦੇ ਸਰਕਾਰੀ ਠੇਕੇਦਾਰ ਸਨ। ਲੇਬਰ ਰੇਟ ਤੇ ਮਾਲ ਦੀ ਰੰਗਾਈ ਸ: ਸੇਵਾ ਸਿੰਘ ਕਰਨ ਲਗੇ। ਕਰੜੀ ਮੇਹਨਤ ਕੀਤੀ। ਚਾਰ ਮਜ਼ਦੂਰਾਂ ਦੇ ਮੁਕਾਬਲੇ ਦਾ ਕੰਮ ਕੀਤਾ। ਚੰਗੇ ਪੈਸੇ ਹੋ ਗਏ, ਘਰ ਦੀ ਹਾਲਤ ਵੀ ਵਧੀਆ ਹੋ ਗਈ। ਪਿਛੋਂ ਅਹਿਮਦਾਬਾਦ ਵਿਚ ਜੀ. ਐਸ ਬੂਟਾ ਸਿੰਘ ਐਂਡ ਕੋ: ਸ: ਆਤਮਾ ਸਿੰਘ ਜੀ ਦੇ ਭਤੀਜੇ ਸ: ਜਸਬੀਰ ਸਿੰਘ ਦੀ ਫਰਮ ਸੀ, ਉਥੇ ਵੀ ਰੰਗਾਈ ਦਾ ਕੰਮ ਕੀਤਾ।

ਵਿਆਹ ਹੋਇਆ। ਛੋਟਿਆਂ ਹੁੰਦਿਆਂ ਜੋ ਗੁਰੂ ਦਾ ਹੁਕਮ ਮੰਨਣ ਦੀ ਲਗਨ ਸੀ ਉਸ ਅਨੁਸਾਰ ਸਗਨ, ਘੋੜੀ, ਵਾਜਾ ਅਤੇ ਮੇਜ਼ ਤੇ ਰੋਟੀ ਖਾਣ ਤੋਂ ਵੀ ਪਰਹੇਜ਼ ਕੀਤਾ। ਕੇਵਲ ਕੁਨੇਤਰ ਤੋੜਨ ਵਾਸਤੇ ਹੀ 22 ਚੇਤਰ ਨੂੰ ਵਿਆਹ ਕਰਵਾਇਆ। ਆਪਣੀ ਗਲ ਤੇ ਅੜੇ ਰਹੇ। ਰਾਵਲ ਪਿੰਡੀ ਅਤੇ ਅਹਿਮਦਾਬਾਦ ਦਾ ਸਮਾਂ 1941 ਤੋਂ 1945 ਤਕ ਦਾ ਹੈ।

ਸ: ਆਤਮਾ ਸਿੰਘ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਹੁਕਮ ਨਾਲ ਪਾਰਟੀਸ਼ਨ ਤੋਂ ਪਹਿਲਾਂ ਸੰਨ 1946 ਵਿਚ ਦਿਲੀ ਆ ਗਏ ਸਨ ਅਤੇ ਸ: ਸੇਵਾ ਸਿੰਘ ਦੀ ਉਸੇ ਸਮੇਂ ਦਿਲੀ ਆ ਗਏ ਅਤੇ ਹਾਲਾਤ ਇਕ ਵੇਰ ਫੇਰ ਹੇਠਾਂ ਨੂੰ ਜਾਣ ਲਗੇ।

ਦਿਲੀ ਵਿਚ ਡੇਰੀ ਖੋਲੀ, ਹੋਟਲ ਖੋਲਿਆ ਪਰ ਚਲਿਆ ਨਾ। ਸਜਨ ਮਿਤਰ ਮੁਫਤ ਚਾਹ ਪੀਣ ਵਾਲੇ ਵਧੇਰੇ ਹੁੰਦੇ ਸਨ। 1950 ਵਿਚ ਘਾਟਾ ਪਾ ਕੇ ਜਾ ਪਟਿਆਲੇ ਡੇਰੇ ਲਾਏ ਅਤੇ ਸਿੰਘ ਸਨਜ਼ ਡਾਈਰਜ਼ ਐਂਡ ਡਰਾਈਕਲੀਨਰਜ਼ ਦੀ ਦੁਕਾਨ ਖੋਲ ਲਈ।

ਇਥੇ ਸ: ਧਨਾ ਸਿੰਘ ਕਮਿਸ਼ਨਰ ਹੁੰਦੇ ਸਨ ਉਹਨਾਂ ਦੇ ਘਰ ਦੀਆਂ ਚਾਰ ਬਹੁਤ ਕੀਮਤੀ ਸਲਵਾਰਾਂ ਦੀਵਾਲੀ ਤੇ ਸੜ ਕੇ ਖਰਾਬ ਹੋ ਗਈਆਂ। ਸਾਰੇ ਸ਼ਹਿਰ ਚੋਂ ਢੂੰਡ ਕੇ ਸ: ਸੇਵਾ ਸਿੰਘ ਨੂੰ ਲਭਿਆ ਅਤੇ 25 ਰੁਪੈ ਫੀ ਸਲਵਾਰ ਠੀਕ ਕਰਨ ਦੇ ਕੀਤੇ ਅਤੇ ਖਰਾਬ ਹੋਣ ਦੀ ਸੂਰਤ ਵਿਚ 60 ਰੁਪਿਆ ਵਾਪਸ ਦੇਣਾ ਮਨਜ਼ੂਰ ਹੋਇਆ। ਇਹ ਸਲਵਾਰਾਂ ਠੀਕ ਕੀਤੀਆਂ ਕਮਿਸ਼ਨਰ ਸਾਹਿਬ ਬਹੁਤ ਹੋਏ। ਉਹਨਾਂ ਕਿਹਾ ਇਹ ਕੀ ਤੂੰ ਗੋਲ ਪਗ ਬੰਨੀ ਹੈ ਅਪਣੀ ਪੋਜ਼ੀਸ਼ਨ ਬਣ ਕੇ ਰੱਖ ਤੇ ਕੰਮ ਵਧੀਆ ਤ ਨਾਲ ਚਲਾ। ਸ: ਸੇਵਾ ਸਿੰਘ ਨੇ ਨਾਮਧਾਰੀ ਢੰਗ ਦਸਤਾਰ ਨੂੰ ਤਲਾਂਜਲੀ ਦੇ ਦਿਤੀ ਅਤੇ ਪਟਿਆਲੇ-ਪੱਗ ਬੰਨ ਲਈ।

ਇਸ ਕੰਮ ਤੇ ਸਤਿਗੁਰੂ ਜੀ ਨਾਰਾਜ਼ ਹੋਏ। ਸਿੰਘ ਜੀ ਦਾ ਕੰਮ ਹੋਰ ਹੇਠਾਂ ਨੂੰ ਜਾ ਲਗਾ।

ਇਕ ਵਾਰ ਸਤਿਗੁਰੂ ਪ੍ਰਤਾਪ ਸਿੰਘ ਕੋਟਲ ਸੇ ਪਟਿਆਲੇ ਗਏ। ਸ: ਸੇਵਾ ਸਿੰਘ ਹੋਰਾਂ ਗੁਰੂ ਜੀ ਦੇ ਕਪੜੇ ਡਰਾਈਕਲੀਨ ਕੀਤੇ। ਜਦੋਂ ਸੇਵਾ ਸਿੰਘ ਗੁਰੂ ਜ ਪੇਸ਼ ਹੋਏ ਤਾਂ ਉਹਨਾਂ ਪਗ ਬਦਲਣ ਦਾ ਕਾਰਨ ਪੁਿ ਤਾਂ ਸੇਵਾ ਸਿੰਘ ਨੇ ਡਿਗਦੇ ਕਾਰੋਬਾਰ ਦੀ ਸਾਰੀ ਵਿ ਸੁਣਾਈ। ਗੁਰੂ ਜੀ ਨੇ ਫੁਰਮਾਇਆ :

ਪੱਗ ਸਿਧੀ* ਕਰ ਲੈ, ਸਚੇ ਪਾਤਸ਼ਾਹ ਕਿ ਕਰਣਗੇ। ਮਾਇਆ ਵਾਸਤੇ ਇਹ ਕੰਮ ਕੀਤਾ ਮਾਇਆ ਏਦਾਂ ਨਹੀਂ ਆਉਂਦੀ, ਮਾਇਆ ਸਤਿਗੁਰੂ ਕ੍ਰਿਪਾ ਨਾਲ ਆਉਂਦੀ ਹੈ। ਧਰਮ ਵਿਚ ਪ੍ਰਪੱਕ ਰਹਿਣ ਤ ਸਤਿਗੁਰੂ ਸਹਾਈ ਹੁੰਦਾ ਹੈ।

ਇਹਨਾਂ ਬਚਨ ਮਨ ਕੇ ਘਰ ਵਿਚ ਹੀ ਤੰਬੂਆਂ ਰੰਗਾਈ ਸ਼ੁਰੂ ਕਰ ਦਿਤੀ। ਮਹਾਰਾਜ ਬੀਰ ਸਿੰਘ ਜੀ ਦਿ ਦੇ ਘਰ ਆ ਕੇ ਠਹਿਰਦੇ। ਕੰਮ ਚੰਗਾ ਹੋਣਾ ਸ਼ੁਰੂ ਹੋ ਗਿਆ 1962 ਵਿਚ ਦਿਲੀ ਆ ਕੇ ਨਾਮਧਾਰੀ ਡਾਇੰਗ ਪ੍ਰਿੰਟਿ ਵਰਕਸ ਫਰਮ ਖੋਲ ਕੇ ਤੰਬੂ, ਛੋਲਦਾਰੀਆਂ ਕਨਾਤਾਂ ਰੰਗਾਈ ਤੇ ਪ੍ਰਿੰਟਿੰਗ ਦਾ ਕੰਮ ਸ਼ੁਰੂ ਕਰ ਦਿਤਾ। ਪਿਛੋਂ ਸ: ਸੇਵਾ ਸਿੰਘ ਨੇ ਪਿਛੇ ਮੁੜ ਕੇ ਨਹੀਂ ਵੇਖਿ ਤੇ ਕਾਰੋਬਾਰ ਅਗੇ ਤੋਂ ਅਗੇ ਹੀ ਵਧਿਆ ਹੈ।

ਅਜ ਕਲ ਇਹਨਾਂ ਦੀ ਫਰਮ ਦੇ ਬਣੇ ਸ ਚਾਨਣੀਆਂ ਕਨਾਤਾਂ ਆਦਿ ਦੀ ਇਹ ਸਿਫਤ ਹੈ ਕਿ ਇਹ ਦਾ ਰੰਗ ਨਾ ਤਾਂ ਧੁਪ ਨਾਲ ਉਡਦਾ ਹੈ ਅਤੇ ਨਾ ਹੀ ਪਾ ਨਾਲ ਉਤਰਦਾ ਹੈ। ਇਸੇ ਹੀ ਸਿਫਤ ਕਰਕੇ ਇਹਨਾਂ ਕਾਰੋਬਾਰ ਅਜ ਸਾਰੇ ਹਿੰਦੁਸਤਾਨ ਵਿਚ ਫੈਲਿਆ ਹੈ ਵਡਾ ਆਫਿਸ ਹੈਦਰਾਬਾਦ ਵਿਚ ਵੀ ਖੋਲਿਆ ਹੈ।

*ਨਾਮਧਾਰੀ ਢੰਗ



Namdhari Elibrary NamdhariElibrary@gmail.com

ਪਰਿਵਾਰ ਵਲੋਂ ਵੀ ਸੁਖੀ ਹਨ। ਇਹਨਾਂ ਦੀ ਪਹਿਲੀ ਧਰਮਪਤਨੀ ਛੇਤੀ ਸੁਰਗਵਾਸ ਹੋ ਗਈ ਸੀ ਦੂਸਰੀ ਸ਼ਾਦੀ 'ਚੋਂ ਜੀਵਨ ਸਾਥਣ ਬੀਬੀ ਪਵਨਜੀਤ ਕੌਰ ਗੁਰਮੁਖ ਸੁਭਾ ਦੇ ਸਦਾ ਹੀ ਸੇਵਾਂ ਵਾਸਤੇ ਤੱਤਪਰ ਰਹਿੰਦੇ ਹਨ ਤੇ ਗੁਰੂ ਤੇ ਅਗਾਧ ਸ਼ਰਧਾ ਰਖਦੇ ਹਨ। ਚਾਰ ਲੜਕੇ ਹਨ -- ਡਾਕਟਰ ਵਰਿੰਦਰ ਪਾਲ ਸਿਘ MBBS ਦਿਲੀ ਵਿਚ ਹੀ, ਭੁਪਿੰਦਰ ਪਾਲ ਸਿੰਘ ਕਾਰੋਬਾਰ ਬੜੀ ਨਿਪੁਨਤਾ ਨਾਲ ਸੰਭਾਲ ਰਿਹਾ ਹੈ—ਬਹੁਤ ਹਸਮੁਖ ਤੇ ਹਲੀਮ ਹੈ। ਬਲਵੰਤ ਸਿੰਘ ਯੂਨੀਵਰਸਿਟੀਜ਼ ਬੈਡਮਿੰਟਨ ਚੈਂਪੀਅਨ ਹੈ। ਮਦਰਾਸ, ਹੈਦਰਾਬਾਦ, ਜਲੰਧਰ ਵਿਖੇ ਕੌਮੀ ਮੁਕਾਬਲਿਆਂ ਵਿਚ ਦਿਲੀ ਦੀ ਨੁਮਾਇੰਦਗੀ ਕਰ ਚੁਕਿਆ ਹੈ। ਚੌਥਾ ਲੜਕਾ ਸੰਤੋਖ ਸਿੰਘ ਵੀ ਵਿਦਿਆਰਥੀ ਹੈ। ਤਿੰਨ ਲੜਕੀਆਂ ਵੀ ਵਿਆਹੀਆਂ ਹੋਈਆਂ ਹਨ – ਵਡੀ ਬੀਬੀ ਅਮ੍ਰਿਤ ਕੌਰ ਸੇਠ ਸੰਤੋਖ ਸਿਘ ਹੈਦਰਾਬਾਦ ਹੋਰਾਂ ਦੀ ਨੂੰਹ ਹੈ ਦੂਸਰੀ ਮਨਮੋਹਣ ਕੌਰ ਡਾਕਟਰ ਦਲੀਪ ਸਿਘ ਹੋਰਾਂ ਦੇ ਘਰ ਅਤੇ ਸਭ ਤੋਂ ਛੋਟੀ ਤਰਨਜੀਤ ਕੌਰ ਬਨਾਰਸ ਵਿਖੇ ਸ: ਲਹਿਣਾ ਸਿੰਘ ਦੇ ਸਪੁਤਰ ਸ: ਮਨਜੀਤ ਸਿੰਘ ਨਾਲ ਵਿਆਹੀ ਹੈ।

ਇਹਨਾਂ ਦੇ ਭਾਣਜੇ ਸ: ਮਨਮੋਹਨ ਸਿੰਘ ਇਹਨਾਂ ਦੇ ਪਾਰਟਨਰ ਹਨ, ਉਹਨਾਂ ਨੂੰ ਕੰਮ ਵੀ ਸਿਖਾਇਆ ਲੁਧਿਆਣੇ ਤੋਂ ਕੋਰਸ ਵੀ ਕਰ ਇਆ।

ਉਹ ਆਪਣੇ ਕਾਰੋਬਾਰ ਦੀ ਸਫਲਤਾ ਅਤੇ ਜੀਵਨ ਵਿਚ ਸੰਤੁਸ਼ਟਤਾ ਨੂੰ ਸਤਿਗੁਰੂ ਜਗਜੀਤ ਸਿਘ ਜੀ ਦੀ ਕ੍ਰਿਪਾ ਮੰਨਦੇ ਹਨ। ਉਹ ਦਸਦੇ ਹਨ ਕਿ ਜੇ ਤਪਸਿਆ ਕਰਕੇ ਅਮੀਰ ਹੁੰਦੇ ਤਾਂ ਜਨਮ ਤੋਂ ਹੁੰਦੇ। ਉਹ ਕਹਿੰਦੇ ਹਨ ਕਿ ਸਾਡਾ ਤਾਂ ਪਠਾਣਾ ਵਾਲਾ ਸਿਧਾਂਤ ਹੈ ਕਿ ਜਿੰਨਾ ਖਰਚੋਗੇ ਓਨਾਂ ਹੀ ਆਵੇਗਾ – ਐਮਰਜੈਂਸੀ ਦੌਰਾਨ ਜਦੋਂ ਉਤਰੀ ਭਾਰਤ ਵਿਚ ਕਾਰੋਬਾਰ ਠੱਪ ਹੋ ਗਏ ਤਾਂ ਦਖਣ ਵਲ ਇਹਨਾਂ ਦਾ ਬਹੁਤ ਕੰਮ ਚਮਕਿਆ।

ਸਤਿਗੁਰੂ ਜੀ ਤੋਂ ਇਲਾਵਾ ਜਿਹਨਾਂ ਵਿਅਕਤੀਆਂ ਦਾ ਉਹਨਾਂ ਦੇ ਜੀਵਨ ਤੇ ਪ੍ਰਭਾਵ ਹੈ ਅਤੇ ਜਿਹਨਾਂ ਤੋਂ ਉਹਨਾਂ ਨੇ ਪਰੇਰਣਾ ਲਈ ਹੈ ਉਹ ਹਨ ਸ: ਤੇਜਾ ਸਿੰਘ ਸਰਸੇ ਵਾਲੇ ਅਤੇ ਮਾਸਟਰ ਨਿਹਾਲ ਸਿੰਘ ਜੀ।

ਇਹ ਪੁਛਣ ਤੇ ਕਿ ਹੁਣ ਤੁਹਾਡੀ ਵਡੀ ਖਾਹਸ਼ ਕੀ ਹੈ ਤਾਂ ਉਤਰ ਦਿਤਾ, "ਅਖੀਰਲੇ ਸੁਆਸਾਂ ਤਕ ਸਤਿਗੁਰਾਂ ਦੇ ਚਰਨਾਂ ਨਾਲ ਨਿਭ ਜਾਵੇ, ਸਤਿਗੁਰਾਂ ਤੋਂ ਬੇਮੁਖ ਹੋ ਕੇ ਨਾ ਮਰਾਂ ਤੇ ਸਸਕਾਰ ਸਚੇ ਪਾਤਸ਼ਾਹ ਅਪਣੀ ਹਥੀਂ ਕਰਨ।



# ਸ: ਏਕਮ ਸਿੰਘ ਦੀ ਭਾਰਤ ਫੇਰੀ

ਇੰਗਲੈਂਡ ਦੇ ਸਮਾਜੀ ਜੀਵਨ ਦੀ ਇਕ ਵਿਸ਼ੇਸ਼ ਹਸਤੀ ਸ: ਏਕਮ ਸਿੰਘ ਪਿਛੇ ਜਿਹੇ ਭਾਰਤ ਆਏ। ਸ: ਏਕਮ ਸਿਘ ਅਫਰੀਕਾ 'ਚੋਂ ਯੂ. ਕੇ. ਜਾ ਕੇ ਵਸਣ ਵਾਲੇ ਉਘੇ ਵਿਅਕਤੀ ਹਨ – ਬਰਮਿੰਘਮ ਦੀ ਨਾਮਧਾਰੀ ਸੰਗਤ ਦੇ ਪ੍ਰਧਾਨ ਹਨ ਅਤੇ ਇਹਨਾਂ ਦੇ ਉਦਮ ਨਾਲ ਬਰਮਿੰਘਮ ਦੇ ਸਮਾਲ ਹੀਥ ਏਰੀਆਂ ਦੇ ਗਰੀਨ ਲੇਣ ਵਿਖੇ ਨਾਮਧਾਰੀ ਸੰਗਤ ਨੇ ਇਕ ਸ਼ਾਨਦਾਰ ਨਾਮਧਾਰੀ ਧਰਮਸਾਲਾ ਉਸਾਰੀ ਹੈ।

ਅਪਣੇ ਜੱਦੀ ਪਿੰਡ ਲੈਲੀ ਜ਼ਿਲਾ ਹੁਸ਼ਿਆਰਪੁਰ ਵਿਚ ਇਹਨਾਂ ਇਕ ਬਹੁਤ ਵਡ ਸਮਾਗਮ ਕੀਤਾ ਜਿਸ ਵਿਚ ਜਥੇਦਾਰ ਫੌਜਾ ਸਿੰਘ, ਜ: ਸੁਚੇਤ ਸਿੰਘ, ਜ: ਨਾਹਰ ਸਿਘ ਆਦਿ ਨੇ ਦੀਵਾਨ ਲਾਏ ਅਤੇ ਪ੍ਰੀਤਮ ਸਿੰਘ ਕਵੀ ਜੀ ਨੇ ਭਾਸ਼ਨ ਦਿਤੇ।

'ਵਰਿਆਮ' ਦੇ ਦਫਤਰ ਵਿਚ ਵੀ ਸ: ਏਕਮ ਸਿੰਘ ਆਏ ਅਤੇ 'ਵਰਿਆਮ' ਦੀ ਪ੍ਰਗਤੀ ਤੋਂ ਪ੍ਰਭਾਵਤ ਹੋਏ।



Namdhari Elibrary NamdhariElibrary@gmail.com

# ਨਾਮਧਾਰੀ ਵਿਦਿਅਕ ਸੰਮੇਲਨ

## ਸ੍ਰੀ ਭੈਣੀ ਸਾਹਿਬ

ਪਿਛਲੇ ਬਾਰਾਂ ਸਾਲਾਂ ਤੋਂ ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ ਦੇ ਸਾਲਾਨਾ ਸੰਮੇਲਨ ਵੱਖ ਵੱਖ ਥਾਵਾਂ ਤੇ ਹੁੰਦੇ ਆਏ ਹਨ। ਇਹਨਾਂ ਵਿਚ ਜਥੇਬੰਦਕ ਵਿਚਾਰਾਂ ਤੋਂ ਇਲਾਵਾ ਧਰਮ ਅਤੇ ਇਤਿਹਾਸ ਦੇ ਵੱਖ ਵੱਖ ਵਿਸ਼ਿਆਂ ਤੇ ਭਾਸ਼ਣ, ਖੋਜ ਪਤਰ ਪੜ੍ਹੇ ਜਾਂਦੇ ਹਨ । ਰੋਜ਼ਾਨਾ ਕੀਰਤਨ ਨਾਮ ਸਿਮਰਨ ਅਤੇ ਹੋਰ ਧਾਰਮਕ ਪਰੋਗਰਾਮ ਵੀ ਹੁੰਦੇ ਹਨ। ਪਿਛਲੇਰੇ ਸਮੇਂ ਵਿਚ ਜਥੇ ਨੇ ਲਾਇਬਰੇਰੀਆਂ, ਚਿਤਰ ਪ੍ਰਦਰਸ਼ਨੀਆਂ, ਸਥਾਪਤ ਕਰਕੇ ਅਤੇ ਪੈਂਫਲਿਟ ਤੇ ਪੁਸਤਕਾਂ ਪ੍ਰਕਾਸ਼ਤ ਕਰਕੇ ਅਤੇ ਹੋਰ ਸੇਵਾ ਦੇ ਕੰਮ ਕਰਕੇ ਅਪਣੀ ਹੋਂਦ ਨੂੰ ਸਾਰਥਕ ਬਣਾਈ ਰਖਿਆ ਹੈ।

ਸ੍ਰੀ ਭੈਣੀ ਸਾਹਿਬ ਵਿਚ ਤੇਰ੍ਹਵੇਂ ਸੰਮੇਲਨ ਦਾ ਵਿਧੀਵਤ ਉਦਘਾਟਨ 16 ਜੂਨ 1977 ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਹੋਇਆ। ਅਪਣੇ ਉਦਘਾਟਨੀ ਭਾਸ਼ਨ ਵਿਚ ਉਹਨਾ ਨੌਜੁਆਨਾਂ ਨੂੰ ਲੱਕ ਬਣ ਕੇ ਸਕ੍ਰਿਆ ਹੋਣ ਦੀ ਪ੍ਰੇਰਣਾ ਦਿਤੀ। ਸ: ਪ੍ਰੀਤਮ ਸਿੰਘ ਜੰਮੂ ਪਰਧਾਨ ਨੇ ਡੈਲੀਗੇਟਾਂ ਦਾ ਸੁਆਗਤ ਕੀਤਾ ਤੇ



ਸ੍ਰੀ ਭੈਣੀ ਸਾਹਿਬ ਵਿਚ ਹੋਏ ਵਿਦਿਅਕ ਸੰਮੇਲਨ ਸਮੇ ਸੰਗੀਤ ਸਭਾ ਦੇ ਕੁਝ ਦ੍ਰਿਸ਼ :
ਉਪਰ ਖਬੇ ਤੋਂ ; ਠਾਕੁਰ ਉਦੇ ਸਿੰਘ ਦਿਲਰੁਬਾ ਵਾਦਨ) ਨਾਲ ਸੁਖਦੇਵ ਸਿੰਘ (ਤਬਲਾ) ਸਤਿਗੁਰੂ ਜਗਜੀਤ ਸਿੰਘ ਤੇ ਮਹਾਰਾਜ ਬੀਰ ਸਿੰਘ ਜੀ ਅਤੇ ਅੰਤ ਤੇ ਧਰਮਵੀਰ ਸਿੰਘ ਭਾਸ਼ਨ ਕਰ ਕਰ ਰਹੇ ਹੇਠਲੀ ਲਾਈਨ ਵਿਚ ਯੁਵਕ ਤੇ ਬਾਲ ਕਲਾਕਾਰ ਅਪਣੀ ਕਲਾ ਦੇ ਜੌਹਰ ਦਿਖਾ ਰਹੇ ਹਨ।



Namdhari Elibrary NamdhariElibrary@gmail.com

ਅਪਣੇ ਪ੍ਰੋਗਰਾਮਾਂ ਤੇ ਦ੍ਰਿੜ ਰਹਿਣ ਦੀ ਪ੍ਰੇਰਨਾ ਕੀਤਾ। ਜਨਰਲ ਸਕੱਤਰ ਨੇ ਅਪਣੀ ਰਿਪੋਰਟ ਪੇਸ਼ ਕੀਤੀ। ਰਿਪੋਰਟ ਵਿਚ ਸਪਸ਼ਟ ਕਿਹਾ ਗਿਆ ਸੀ ਕਿ ਪਿਛਲੇ ਸਾਲ ਦਾ ਕੰਮ ਸੰਤੋਸ਼ ਜਨਕ ਨਹੀਂ ਸੀ ਇਸ ਵਾਸਤੇ ਇਸ ਸੰਮੇਲਨ ਵਿਚ ਇਸ ਗਲ ਨੂੰ ਸੰਜੀਦਗੀ ਨਾਲ ਵਿਚਾਰਨਾ ਚਾਹੀਦਾ ਹੈ — ਉਸ ਪਿਛੋਂ ਕੁਝ ਸਜਨਾਂ ਨੇ ਰਿਪੋਰਟ ਤੇ ਵਿਚਾਰਾ ਪੇਸ਼ ਕੀਤੀਆਂ।

**17 ਜੂਨ ਨੂੰ ਸਵੇਰੇ :**

ਡਾਕਟਰ ਗੌਰੀ ਸ਼ੰਕਰ ਬਰੇਲੀ ਦੁਆਰਾ ਕੁਦਰਤੀ ਇਲਾਜ ਦੇ ਵਿਸ਼ੇ ਤੇ ਇਕ ਭਾਸ਼ਨ ਹੋਇਆ। ਡਾ: ਸਾਹਿਬ ਨੇ ਇਕ ਮਹੀਨਾਂ ਭੈਣੀ ਸਾਹਿਬ ਵਿਖੇ ਕੁਦਰਤੀ ਇਲਾਜ ਦਾ ਕੈਂਪ ਲਾਈ ਰਖਿਆ ਹੈ ਜਿਸ ਵਿਚ ਸੈਂਕੜੇ ਰੋਗੀਆਂ ਨੇ ਹਿਸਾ ਲਿਆ ਇਸ ਵਿਚ ਥਾਈਲੈਂਡ ਤੋਂ ਵੀ ਰੋਗੀ ਆਏ ਸਨ ਅਤੇ ਅਪਣੇ ਰੋਗਾਂ ਦੀ ਨਵਿਰਤੀ ਜਾਂ ਤਸੱਲੀ ਪੂਰਵਕ ਸੁਧਾਰ ਕਰਕੇ ਗਏ। ਭਾਸ਼ਨ ਵਿਚ ਉਹਨਾਂ ਕੁਦਰਤੀ ਤਰਜ਼ ਦੇ ਇਲਾਜ ਜਿਸ ਵਿਚ ਦਵਾਈ ਨਹੀਂ ਖਾਣੀ ਪੈਂਦੀ ਸਗੋਂ ਪਾਣੀ ਭਾਫ, ਮਿਟੀ ਆਦਿਕ ਦੇ ਪਰਯੋਗ ਨਾਲ ਹੀ ਇਲਾਜ ਕੀਤਾ ਜਾਂਦਾ ਹੈ ਅਤੇ ਖਾਣ ਪੀਣ ਦੇ ਸੰਜਮ ਨਾਲ ਹੀ ਰੋਗਾਂ ਦੀ ਨਵਰਿਤੀ ਕੀਤੀ ਜਾਂਦੀ ਹੈ ਬਾਰੇ ਚਾਨਣਾ ਪਾਇਆ। ਸਵੇਰੇ ਉਹਨਾਂ ਨੇ ਯੋਗਾ ਕ੍ਰਿਆ ਦੇ ਅਭਿਆਸ ਲਈ ਵੀ ਇਕ ਕਲਾਸ ਲਾਈ। ਇਹ ਕਲਾਸ ਉਹ ਲਗਾਤਾਰ ਇਕ ਮਹੀਨਾਂ ਕੈਂਪ ਦੌਰਾਨ ਵੀ ਲਾਉਂਦੇ ਰਹੇ ਸਨ।

ਪਹਿਲੇ ਸੈਸ਼ਨ ਵਿਚ ਪਹਿਲਾਂ ਵਖੋ ਵੱਖ ਜਥਿਆਂ ਦੀਆਂ ਰਿਪੋਰਟਾਂ ਹੋਈਆਂ ਅਤੇ ਫੇਰ ਇਕ ਗੋਸ਼ਟੀ ਹੋਈ। ਜਿਸ ਵਿਚ ਯੁਵਕਾਂ ਨੇ ਜੋ ਵਿਸ਼ੇ ਵਿਚਾਰੇ ਉਹ ਸਨ : ਅਜੋਕੇ ਯੁਗ ਵਿਚ ਧਰਮ ਦੀ ਲੋੜ, ਗੁਰੂ ਦੀ ਲੋੜ ਅਤੇ ਗੁਰੂ ਵਿਚ ਵਿਸ਼ਵਾਸ਼ ਦੀ ਲੋੜ। ਸ਼ਾਮ ਦੇ ਸਮਾਗਮ ਵਿਚ ਚਾਰ ਵੱਖੋ ਵੱਖ ਵਿਸ਼ਿਆਂ ਤੇ ਪੇਪਰ ਪੜੇ ਗਏ ਜਾਂ ਭਾਸ਼ਣ ਹੋਏ। ਸਭ ਤੋਂ ਪਹਿਲਾਂ ਪ੍ਰੀਤਮ ਸਿੰਘ ਪੰਛੀ ਦੁਆਰਾ ਪਤਰ ਪੜਿਆ ਗਿਆ "ਸਮਾਜਕ ਸਾਂਝ ਦੇ ਸੰਦਰਭ ਵਿਚ ਨਾਮਧਾਰੀ" ਪੰਛੀ ਜੀ ਦੇ ਵਿਚਾਰਾਂ ਅਤੇ ਲਿਖਣ ਸ਼ੈਲੀ ਦੋਹਾਂ ਨੇ ਹੀ ਸਭ ਨੂੰ ਪ੍ਰਭਾਵਿਤ ਕੀਤਾ—ਦੂਸਰਾ ਪੱਤਰ ਸ੍ਰੀ ਪ੍ਰੀਤਮ ਸਿੰਘ ਕਵੀ ਦੁਆਰਾ ਨਾਮਧਾਰੀ ਇਸਤਰੀਆਂ ਸਬੰਧੀ ਸੀ। ਕਵੀ ਜੀ ਨਾਮਧਾਰੀ ਇਸਤਰੀਆਂ ਸਬੰਧੀ ਇਕ ਪੁਸਤਕ ਲਿਖ ਰਹੇ ਹਨ ਉਸ ਦੇ ਆਧਾਰ ਤੇ ਇਹ ਬਹੁਤ ਖੋਜ ਪੂਰਨ ਪੱਤਰ ਸੀ। ਤੀਸਰਾ ਪੱਤਰ ਪੰਡਤ ਗੋਪਾਲ ਸਿੰਘ ਜੀ ਦੁਆਰਾ ਨਾਮਧਾਰੀ ਜਥੇਦਾਰਾਂ ਸਬੰਧੀ ਸੀ ਜਿਸ ਵਿਚ ਉਹਨ ਨੇ ਪੌਣੇ ਦੋ ਕੁ ਸੌ ਨਾਮਧਾਰੀ ਜਥੇਦਾਰਾਂ ਦੇ ਨਾਮ ਅੰਕਿਤ ਕੀਤੇ। ਵਕਤ ਦੀ ਘਾਟ ਕਰਕੇ ਉਹਨਾਂ ਕੇਵਲ ਸੰਤ ਅਤਰ ਸਿੰਘ ਜੀ ਦੇ ਦੀਵਾਨ ਲਾਉਣ ਦੇ ਢੰਗ ਨੂੰ ਹੀ ਬਿਆਨਿਆਂ। ਅੰਤ ਵਿਚ ਮਹਾਰਾਜ ਬੀਰ ਸਿੰਘ ਜੀ ਦੁਆਰਾ ਅਜੋਕੀ ਸਿਖਿਆ ਦੀਆਂ ਸਮਸਿਆਵਾਂ ਸਬੰਧੀ ਭਾਸ਼ਣ ਹੋਇਆ। ਇਹ ਭਾਸ਼ਣ ਮਹਾਰਾਜ ਜੀ ਦੀ ਵਿਦਵਤਾ, ਸੂਝ ਬੂਝ ਅਤੇ ਡੂੰਘੇ ਅਧਿਅਨ ਦਾ ਸੂਚਕ ਸੀ। ਸਾਰਾ ਸਮਾਗਮ ਬਹੁਤ ਸਫਲ ਰਿਹਾ।

18 ਜੂਨ ਨੂੰ ਸੰਗੀਤ ਸਬੰਧੀ ਧਰਮਵੀਰ ਸਿੰਘ ਦਾ ਭਾਸ਼ਣ ਹੋਇਆ ਅਤੇ ਦੋ ਸੈਸ਼ਨਾਂ ਵਿਚ ਨਾਮਧਾਰੀ ਯੁਵਕਾਂ ਵਲੋਂ ਸੰਗੀਤ ਕਲਾ ਦਾ ਪ੍ਰਦਰਸ਼ਨ ਹੋਇਆ। ਸ਼ਾਸਤਰੀ ਤੇ ਗੁਰਮਤ ਸੰਗੀਤ ਸਬੰਧੀ, ਗਾਇਣ ਅਤੇ ਵਾਦਨ ਦੀਆਂ ਕੋਈ ਚੋਵੀ ਆਈਟਮਾਂ ਪੇਸ਼ ਹੋਈਆਂ। ਜਿਸ ਵਿਚ ਗਾਣੇ ਤੋਂ ਇਲਾਵਾ ਸਾਜ਼ਾਂ ਵਿਚ ਤਬਲਾ, ਸਿਤਾਰ, ਤਾਰ ਸ਼ਹਿਨਾਈ ਆਦਿਕ ਸਾਜ਼ਾਂ ਤੇ ਨੌਜੁਆਨ ਕਲਾਕਾਰਾਂ ਨੇ ਅਪਣੀ ਮੁਹਾਰਤ ਦਾ ਮੁਜ਼ਾਹਰਾ ਕੀਤਾ। ਇਹਨਾਂ ਕਲਾਕਾਰਾਂ ਵਿਚ ਸੰਸਾਰ ਸ਼ੁਹਰਤ ਦੇ ਉਸਤਾਦਾਂ ਦੇ ਸ਼ਾਗਿਰਦ ਵੀ ਸਨ।

ਜਥੇ ਨੂੰ ਹੋਰ ਸਕ੍ਰਿਅ ਕਰਨ ਵਾਸਤੇ ਠਾਕਰ ਦਲੀਪ ਸਿੰਘ ਜੀ ਨੇ ਵਿਸ਼ੇਸ਼ ਰੋਲ ਅਦਾ ਕਰਨਾ ਮੰਨ ਲਿਆ ਹੈ। ਸ: ਨਰਿੰਦਰਪਾਲ ਸਿੰਘ ਮੰਡੀ ਨੂੰ ਜਥੇ ਦਾ ਸਥਾਈ ਸਕਤਰ ਨਿਯੁਕਤ ਕੀਤਾ ਅਤੇ ਉਹਨਾਂ ਦਾ ਭੈਣੀ ਸਾਹਿਬ ਦਫਤਰ ਵਿਚ ਪਕੇ ਤੌਰ ਤੇ ਰਹਿਣ ਲਈ ਪਰਬੰਧ ਕੀਤਾ ਗਿਆ। ਜਥੇਬੰਦਕ ਪਰੋਗਰਾਮਾਂ ਨੂੰ ਮਜ਼ਬੂਤ ਕਰਨ ਲਈ ਵਿਉਂਤਾਂ ਸੋਚੀਆਂ ਗਈਆਂ ਤੇ ਜਥੇ ਦਾ ਸਾਲਾਨਾ ਚੰਦਾ ਪੰਜ ਰੁਪੈ ਫੀ ਮੈਂਬਰ ਤਹਿ ਹੋਇਆ।

**ਇਕ ਫੈਸਲੇ ਅਨੁਸਾਰ :**

ਨਾਮਧਾਰੀ ਵਿਦਿਅਕ ਜਥੇ ਦੇ ਮੈਂਬਰਾਂ ਦਾ ਇਕ ਟੂਰ ਕੁਲੂ ਮਨਾਲੀ ਰੁਹਤਾਂਗ ਪਾਸ ਵਲ ਸਤੰਬਰ ਦੇ ਪਹਿਲੇ ਹਫਤੇ ਜਾਵੇਗਾ। ਇਸ ਇਕ ਹਫਤੇ ਦੇ ਟੂਰ ਦਾ ਕੁਲ ਖਰਚ ਕੇਵਲ 200 ਰੁਪਿਆ ਹੋਵੇਗਾ। ਯਾਤਰਾ ਸ੍ਰੀ ਭੈਣੀ ਸਾਹਿਬ ਤੋਂ ਸ਼ੁਰੂ ਹੋਵੇਗੀ ਅਤੇ ਕੇਵਲ ਜਥੇ ਦੇ ਮੈਂਬਰਾਂ ਵਾਸਤੇ ਹੋਵੇਗੀ —ਜਾਣ ਵਾਲੇ ਸਜਣ ਸ: ਨਰਿੰਦਰ ਸਿੰਘ ਸਕਤਰ ਨਾਮਧਾਰੀ ਵਿਦਿਅਕ ਜਥਾ ਸ੍ਰੀ ਭੈਣੀ ਸਾਹਿਬ ਜ਼ਿਲਾ ਲੁਧਿਆਣਾ ਨਾਲ ਸੰਪਰਕ ਪੈਦਾ ਕਰਨ। ਨਾਮ ਜੁਲਾਈ ਮਹੀਨੇ ਦੇ ਵਿਚ ਵਿਚ ਹੀ ਦਰਜ ਕਰਵਾ ਦਿਤੇ ਜਾਣ ●



Namdhari Elibrary NamdhariElibrary@gmail.com

ਪੁਸਤਕ ਰੀਵਿਊ

# ਦੁਖੜੇ ਉਮਰਾਂ ਦੇ

ਲੇਖਕ : ਵੀਰ ਸਿੰਘ ਸੂਰਾ
ਪ੍ਰਕਾਸ਼ਕ : ਅਰਵਿੰਦ ਕਵੀ-ਬਟਾਲਾ, ਗੁਰਦਾਸਪੁਰ
ਮੁੱਲ : ਪੌਣੇ ਪੰਜ ਰੁਪਏ ।

ਦੁੱਖੜੇ ਉਮਰਾਂ ਦੇ ਬਜ਼ੁਰਗ ਸ਼ਾਇਰ ਵੀਰ ਸਿੰਘ ਸੂਰਾ ਜੀ ਦਾ ਤੀਸਰਾ ਕਾਵਿ ਸੰਗ੍ਰਹਿ ਹੈ। ਇਸ ਤੋਂ ਪਹਿਲਾਂ ਸੂਰਾ ਜੀ 'ਛਾਟਾਂ' ਤੇ 'ਵਤਨ ਦੁਲਾਰੇ' ਨਾਂ ਦੇ ਦੋ ਕਾਵਿ ਸੰਗ੍ਰਹਿ ਪੰਜਾਬੀ ਪਾਠਕਾਂ ਦੀ ਭੇਂਟ ਕਰ ਚੁਕੇ ਹਨ । ਮੈਨੂੰ ਪਹਿਲੀਆਂ ਦੋ ਰਚਨਾਵਾਂ ਪੜ੍ਹਨ ਦਾ ਤਾਂ ਮੌਕਾ ਨਹੀਂ ਮਿਲਿਆ ਪਰ ਇਸ ਸੰਗ੍ਰਹਿ ਦੇ ਪਾਠ ਉਪਰੰਤ ਸਹਿਜੇ ਹੀ ਕਿਹਾ ਜਾ ਸਕਦਾ ਕਿ ਸੂਰਾ ਜੀ ਦੀ ਕਲਮ ਅਨੁਭਵੀ ਹੈ ।

ਇਸ ਸੰਗ੍ਰਹਿ ਵਿਚ ਰੁਬਾਈ, ਗ਼ਜ਼ਲਾਂ ਤੇ ਛੋਟਾਂ ਗੀਤ ਸ਼ਾਮਿਲ ਨੇ । ਗ਼ਜ਼ਲ ਵਰਗੀ ਕੋਮਲ ਸਿਨਫ਼ ਨੂੰ ਹੱਥ ਪਾ ਕੇ ਨਿਭਾਉਣਾ ਖਾਲਾ ਜੀ ਦਾ ਵਾੜਾ ਨਹੀਂ, ਸੂਰਾ ਜੀ ਨੇ ਗ਼ਜ਼ਲਾਂ ਨੂੰ ਸੰਗੀਤਕ ਪੱਖੋਂ ਮਰਨ ਨਹੀਂ ਦਿੱਤਾ । ਭਾਵੇਂ ਗ਼ਜ਼ਲਾਂ ਦਾ ਰੰਗ ਪਰੰਪਰਾ ਦੇ ਪਰਛਾਵੇਂ ਨਾਲ ਘਸਮੈਲਾ ਹੋ ਗਿਆ ਏ ਪਰ ਫਿਰ ਵੀ ਸ਼ਬਦਾਂ ਦੀ ਸਾਦਗੀ, ਆਪਮੁਹਾਰਤਾ, ਤੇ ਰਵਾਨੀ ਦੀ ਚਮਕ ਗ਼ਜ਼ਲਾਂ ਪ੍ਰਤੀ ਸੁਤਿਕਾਰ ਪੈਦਾ ਕਰਦੀ ਹੈ ।

ਕੁਝ ਨਿੱਕੇ ਬਹਿਰ ਦੇ ਸ਼ਿਅਰ ਨਵੇਂ ਅੰਦਾਜ਼ 'ਚ ਵੇਖੋ :

ਦੁੱਖ ਬੇਰਾਂ ਵਾਂਗ ਲੱਗੇ
ਇਕ ਜਿੰਦ ਹੈ ਨਿਮਾਣੀ
ਡਿੱਗਾ ਦਿਲ ਵਾਲਾ ਬੂਟਾ
ਇਹਨੇ ਮੁੜ ਨਹੀਂ ਖਲੋਣਾ

ਰੋਮ ਰੋਮ ਵਿੰਨ ਗਿਆ ਦਾਣਾ ਪਾਣੀ ਮੁਕਿਆ
ਐਸਾ ਤੀਰ ਵੱਜਾ ਏ ਵਿਜੋਗ ਵਾਲਾ ਬੱਝ ਕੇ
ਤੇਰੇ ਨਾਲ ਲਾਈਆਂ ਇਹ ਸਜ਼ਾਵਾਂ ਮਿਲੀਆਂ,
ਦੁੱਖਾਂ ਵਿਚ ਡੁੱਬੇ ਰਹਿਣਾ ਪਰੇਸ਼ਾਨੀਆਂ ।

ਹੋਰ ਅਨੇਕਾਂ ਅਜਿਹੇ ਸਾਦ-ਮੁਰਾਦੇ ਸ਼ਬਦਾਂ ਵਿਚ ਡੂੰਘੇ ਭਾਵ ਬੰਨੇ ਹੋਏ ਨੇ, ਗੀਤਾਂ ਦਾ ਰੰਗ ਵੀ ਉਦਾਸੀ ਨਾਲ ਭਰਪੂਰ ਹੈ । ਉਦਾਸੀ ਵਿਛੋੜੇ ਵਿਚੋਂ ਉਪਜੀ ਹੋਈ ਹੈ ਵਿਗੋਚੇ ਨੇ ਉਸਦੀ ਸ਼ਾਇਰੀ ਨੂੰ ਡੂੰਘੇ ਅਰਥ ਪ੍ਰਦਾਨ ਕੀਤੇ ਨੇ । ਸ਼ਾਇਰ ਤਾਂ ਉਹਨੂੰ ਪਿਆਰ ਦੇ ਖ਼ੀਜ ਨੇ ਬਣਾਇਆ ਹੈ, ਜਿਵੇਂ ਕਿ ਪੁਸਤਕ ਦੇ ਸਮਰਪਣ ਤੋਂ ਹੀ ਸਪਸ਼ਟ ਹੈ ।

ਸੂਰਾ ਜੀ ਬੁਢਾਪੇ ਵਿਚ ਵੀ ਭਰ ਜਵਾਨੀ ਹੰਢਾ ਰਹੇ ਨੇ । ਬਾਜਵੇ ਦੇ ਸਟੂਡੀਓ ਤੇ ਹੋਈਆਂ ਕਈ ਮੁਲਾਕਾਤਾਂ ਦੇ ਅਧਾਰ ਤੇ ਹੀ ਮੈਂ ਇਹ ਗੱਲ ਆਖ ਰਿਹਾ ਵਾਂ ! ਮੇਰੀ ਸੁਹਿਰਦ ਕਾਮਨਾ ਹੈ, ਸੂਰਾ ਜੀ ਇਹ ਜੁਆਨੀ ਹੰਢਾਉਂਦੇ ਹੋਏ ਹੋਰ ਵਧੀਆ ਸ਼ਾਇਰੀ ਦੇ ਸਕਣ ।

ਗੁਰਭਜਨ ਗਿੱਲ (ਪ੍ਰੋ:)
ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ (ਲੁਧਿਆਣਾ)

# ਸ਼ੀਸ਼ੇ 'ਚ ਜੜਿਆ ਆਦਮੀ

ਅਜੀਤ 'ਪਿਆਸਾ'
(ਕਹਾਣੀ ਸੰਗ੍ਰਹਿ)
ਦੀਪਕ ਪਬਲਿਸ਼ਰਜ਼ ਮਾਈ ਹੀਰਾਂ ਗੇਟ, ਜਾਲੰਧਰ
ਕੀਮਤ ਛੇ ਰੁਪਏ

ਨੌਜਵਾਨ ਕਹਾਣੀਕਾਰ ਅਜੀਤ 'ਪਿਆਸਾ' ਦਾ ਇਹ ਪਹਿਲਾ ਕਹਾਣੀ ਸੰਗ੍ਰਹਿ ਹੈ ਜਿਸ ਵਿਚ ਕੁਲ 16 ਕਹਾਣੀਆਂ ਤੋਂ ਇਲਾਵਾ ਚਾਰ ਮਿੰਨੀ ਕਹਾਣੀਆਂ ਵੀ ਸ਼ਾਮਿਲ ਹਨ ।

ਅਜੀਤ ਕੋਲ ਕਹਿਣ ਨੂੰ ਗੱਲ ਵੀ ਹੈ ਅਤੇ ਗੱਲ ਕਹਿਣ ਲਈ ਠੋਸ ਮਾਧਿਅਮ ਵੀ । ਉਸਦੀ ਵਾਰਤਕ ਸ਼ੈਲੀ ਵਿਚ ਆਪ-ਮੁਹਾਰਾਪਨ ਹੈ ਅਤੇ ਰਵਾਨੀ ਹੈ । ਉਹ ਜੀਵਨ ਦੇ ਖਿੰਡੇ ਪਲਾਂ ਨੂੰ ਆਪਣੀ ਕਹਾਣੀ ਕਲਾਂ ਨਾਲ ਸਮੇਟਣ ਦੀ ਕੋਸ਼ਿਸ਼ ਕਰਦਾ ਹੋਇਆ ਕਈ ਵਾਰੀ ਉਹ ਇਸ ਵਿਚ ਇੰਨਾਂ ਡੂੰਘਾ ਖੁਭ ਜਾਂਦਾ ਹੈ ਕਿ ਉਸ ਦੇ ਆਪਣੇ ਅੰਦਰਲੇ ਕਹਾਣੀ-ਕਾਰ ਦੇ ਅਸਤਿਤਵ ਲਈ ਖ਼ਤਰਾ ਹੋ ਜਾਂਦਾ ਹੈ । ਉਸਦੇ ਪਾਤਰਾਂ ਦਾ ਮੁਹਾਂਦਰਾ ਬੇਰੁਜ਼ਗਾਰੀ ਨਾਲ ਲੜਦੇ, ਆਤਮ ਹੱਤਿਆ ਦੀ ਕੋਸ਼ਿਸ਼ ਕਰਦੇ ਸੜਕ ਤੇ ਪਏ ਨਿਰਰਥਕ ਸਿਗਰਟ ਦੇ ਟੋਟੇ ਵਾਂਗ ਅੰਦਰੋਂ ਅੰਦਰੀ ਸੁਲਗਦੇ ਨੌਜਵਾਨਾਂ, ਲੋਗਿਮ ਅਤੇ ਕਾਮ ਚੇਸ਼ਟਾਵਾਂ ਲਈ ਤਤਪਰ ਵਿਅਕਤੀਆਂ ਨਾਲ ਮਿਲਦਾ ਜੁਲਦਾ ਹੈ । ਕਈ ਥਾਂ ਉਹਨਾਂ ਦੀ ਗੱਲ ਤੋਰਦਾ ਅਜੀਤ ਇੰਨਾਂ ਭਾਵਕ ਹੋ ਜਾਂਦਾ ਹੈ ਕਿ ਕਹਾਣੀ ਦੇ ਅਸਤਿਤਵ ਲਈ ਖਤਰੇ ਨੂੰ ਥਾਂ ਕਰ ਦਿੰਦਾ ਹੈ। ਪਰ ਇਹ ਉਹਦੀ ਉਮਰ ਦੇ ਅਹਿਸਾਸਾਂ ਦੀ ਕਮਾਈ ਹੈ ਜਿਸ ਨੂੰ ਸਮਾਂ ਪੈਣ ਤੇ ਉਹ ਆਪ ਹੀ ਅਲਵਿਦਾ ਕਹਿ ਦੇਵੇਗਾ ।

ਅਜੀਤ ਨੇ ਆਪਣੇ ਕਹਾਣੀ-ਸੰਗ੍ਰਹਿ ਨਾਲ ਹੀ ਸਿਧ ਕਰ ਦਿਤਾ ਹੈ ਕਿ ਉਸ ਵਿਚ ਨਿਗਰ ਅਤੇ ਨਰੋਏ ਕਹਾਣੀ-ਕਾਰ ਦੇ ਸਾਰੇ ਗੁਣ ਉਗਮ ਰਹੇ ਹਨ ਅਤੇ ਉਸਦਾ ਭਵਿਖ ਆਸ ਪੂਰਣ ਹੈ ।

ਉਸਦੀਆਂ ਕਹਾਣੀਆਂ ਵਿਚੋਂ 'ਪਰਸੋ ਤੱਕ, ਸ਼ੀਸ਼ੇ 'ਚ ਜੜਿਆ ਆਦਮੀ 'ਠਹਿਰੇ ਹੋਏ ਪਲ' 'ਰੌਂਗ ਨੰਬਰ' ਆਦਿ ਵਿਸ਼ੇਸ਼ ਤੌਰ ਤੇ ਵਰਨਣ ਯੋਗ ਹਨ !

ਆਸ ਹੈ ਆਉਂਦੇ ਭਵਿਖ ਵਿਚ ਅਜੀਤ ਹੋਰ ਵੀ ਨਿੱਗਰ ਅਤੇ ਤਕੜੀਆਂ ਕਹਾਣੀਆਂ ਪੰਜਾਬੀ ਸਾਹਿਤ ਦੀ ਝੋਲ ਪਾਏਗਾ ।

ਕੇ. ਐਲ. 'ਗਰਗ'



Namdhari Elibrary NamdhariElibrary@gmail.com



ਸ: ਪ੍ਰੀਤਮ ਸਿੰਘ ਕਵੀ ਜਲੰਧਰ ਤੋਂ ਦਿਲੀ ਚਲੇ ਗਏ ਹਨ । ਉਹਨਾਂ ਦੇ ਸਨਮਾਨ ਵਿਚ ਮਿਤਰਾਂ ਤੇ ਲੇਖਕਾਂ ਦੀ ਇਕ ਮਿਲਣੀ ਦਾ ਪਰਬੰਧ 'ਵਰਿਆਮ' ਵਲੋਂ ਅਪਣੇ ਦਫਤਰ ਦੇ ਬਾਹਰ ਕੀਤਾ ਗਿਆ । ਭਾਰੀ ਗਿਣਤੀ ਵਿਚ ਲੇਖਕਾਂ ਪਤਰਕਾਰਾਂ ਅਤੇ ਸਨੇਹੀਆਂ ਦ ਪੁਜਣਾ ਕਵੀ ਜੀ ਦੀ ਲੋਕ ਪ੍ਰੀਅ ਸ਼ਖਸੀਅਤ ਦਾ ਸਬੂਤ ਸੀ । ਉਪਰ ਇਸ ਸਮਾਗਮ ਦੀ ਇਕ ਝਲਕ ;- ਸੰਪਾਦਕ ਵਰਿਆਮ ਵਲੋਂ ਆਏ ਸਜਨਾਂ ਦਾ ਧਨਵਾਦ : ਮੰਚ ਤੇ ਸ੍ਰੀ ਵਿਜੈ ਕੁਮਾਰ, (ਹਿੰਦਸਮਾਚਾਰ) ਸ੍ਰੀ ਪ੍ਰੀਤਮ ਸਿੰਘ ਜੀ ਕਵੀ, ਸ: ਸਾਧੂ ਸਿੰਘ ਹਮਦਰਦ ਚੀਫ ਐਡੀਟਰ ਅਜੀਤ (ਸਭਾ ਪਤੀ) ਤੇ ਜਸਵੰਤ ਸਿੰਘ ਕੰਵਲ ਨਾਵਲਿਸਟ ਤਸ਼ਰੀਫ ਫਰਮਾ ਹਨ। ਸਰੋਤਿਆਂ ਵਿਚ ਜਲੰਧਰ ਦੇ ਪਰਮੁਖ ਲੇਖਤ, ਸੰਪਾਦਕ, ਪਤਰਕਾਰ ਤੇ ਸਨੇਹੀ ਬੈਠੇ ਹਨ। (ਵਿਸ਼ੇਸ਼ ਰਿਪੋਰਟ ਅਗਲੇ ਅੰਕ ਵਿਚ)।



Namdhari Elibrary NamdhariElibrary@gmail.com

Registered : P/JL—97 MONTHLY WARIAM July 19

Registered with the registrar of News Papers for India No. 26453/75


## ਖ਼ਾਲਸਾ ਜੀ ! ਪਗੜੀਆਂ ਵਾਸਤੇ




ਸੇਲ ਆਫਿਸ :—

### ਨਾਮਧਾਰੀ ਸੇਲਜ਼ ਕਾਰਪੋਰੇਸ਼ਨ

ਕਟੜਾ ਮਹੇਸ਼ ਦਾਸ, ਨਵੀਂ ਸੜਕ,

ਦਿੱਲੀ—110006


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ।ਪ੍ਰਕਾਸ਼ਨ ਮਿਤੀ 16-7-1977

Namdhari Elibrary NamdhariElibrary@gmail.com